

RE-ELECT LINDA JEFFREY
TOGETHER WE CAN DO MORE
Election Day:
Monday, October 22, 10:00am - 8:00pm
Advance Voting:
October 2 - 13
✓ Safer community
✓ Attract and create jobs
✓ Improve Transit and fight gridlock
For more information:
info@lindajeffrey.ca
www.lindajeffrey.ca
Facebook.com/BramptonLinda
@LindaJeffrey
Volunteering: LindaJeffrey.ca
289-201-0609


chatr MOBILE
NOW GET
4GB 4.5GB DATA
ON OUR $40/MO. PLAN
AUTO-PAY BONUS
LET'S GET GOING
CHATRMOBILE.COM
VISIT OUR LOCATION TODAY!
379 MAIN ST. N., BRAMPTON, (905) 451-0379
2456 LAKE SHORE BLVD W., (416) 259-3654
chatr AUTHORIZED DEALER
Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ >>

ਹਿਲਜੁਲ ਮੁੜ ਕੇ ਗੁਜਰਾਤ ਦੇ ਵੱਲ ਹੋਈ,
ਲਏ ਆ ਬਿਸਤਰ ਬਿਹਾਰੀਆਂ ਚੁੱਕ ਬੇਲੀ।
ਵੇਖਿਆ ਡਾਢਾ ਤਨਾਅ ਜਿਹਾ ਬਣਨ ਲੱਗਾ,
ਬੁਰਛਾਗਰਦਾਂ ਦੀ ਫੋਰਸ ਰਹੀ ਬੁੱਕ ਬੇਲੀ।
ਓਧਰ ਰਹਿੰਦੇ ਪਰਵਾਸੀ ਤਾਂ ਕੰਬ ਗਏ ਨੇ,
ਪਿੱਛੇ ਪਰਵਾਰਾਂ ਦੇ ਸਾਹ ਗਏ ਸੁੱਕ ਬੇਲੀ।
ਹਰ ਕੋਈ ਸੋਚਦਾ ਪਤਾ ਨਹੀਂ ਬਣੂੰਗਾ ਕੀ,
ਜਲਦੀ ਨਿਕਲਣ ਤੋਂ ਗਏ ਜੇ ਉੱਕ ਬੇਲੀ।
ਬਣ ਗਈ ਔਕੜ ਨਿਤੀਸ਼ ਦੇ ਵਾਸਤੇ ਵੀ,
ਲੱਗਾ ਜੜ੍ਹਾਂ ਵਿੱਚ ਬਹਿਣ ਗੁਜਰਾਤ ਬੇਲੀ।
ਪਿਛਾਂਹ ਜਾਣ ਦੀ ਨਹੀਂ ਗੁੰਜਾਇਸ਼ ਬੇਲੀ,
ਅੱਗੇ ਬਣੀ ਨਹੀਂ ਜਾਪ ਰਹੀ ਬਾਤ ਬੇਲੀ।

**ਤੀਸ ਮਾਰ ਖਾਂ**

# ਗਲੋਬਲ ਵਾਰਮਿੰਗ ਖਿਲਾਫ ਛੇੜੀ ਜੰਗ ਅਸੀਂ ਹਾਰ ਸਕਦੇ ਹਾਂ : ਰਿਪੋਰਟ

ਓਟਵਾ, 8 ਅਕਤੂਬਰ (ਪੋਸਟ ਬਿਊਰੋ) : ਸੰਯੁਕਤ ਰਾਸ਼ਟਰ ਦੇ ਇੰਟਰਗਵਰਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਵੱਲੋਂ ਐਤਵਾਰ ਨੂੰ ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਆਪਣੇ ਟੀਚੇ ਨੂੰ ਪੂਰਾ ਕਰਨ ਲਈ ਸਾਨੂੰ ਤੇਜ, ਦੂਰ ਤੱਕ ਮਾਰ ਕਰਨ ਵਾਲੀ ਤੇ ਸਮਾਜ ਦੇ ਕਈ ਖੇਤਰਾਂ ਵਿੱਚ ਤਬਦੀਲੀਆਂ ਵਾਲੀ ਪਹੁੰਚ ਅਪਨਾਉਣੀ ਹੋਵੇਗੀ ਨਹੀਂ ਤਾਂ ਗਲੋਬਲ ਵਾਰਮਿੰਗ ਖਿਲਾਫ ਜਾਰੀ ਜੰਗ ਅਸੀਂ ਹਾਰ ਜਾਵਾਂਗੇ।

ਇਹ ਰਿਪੋਰਟ ਅਸਲ ਵਿੱਚ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਕਿਸ ਤਰ੍ਹਾਂ ਠੀਕ ਕੀਤਾ ਜਾਵੇ ਇਸ ਸਬੰਧੀ ਵਿਗਿਆਨਕ ਖਰੜਾ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਇਸ ਸਮੇਂ ਸੰਸਾਰ 1.5 ਡਿਗਰੀ ਸੈਲਸੀਅਸ ਤੱਕ ਹੋਰ ਤਪਿਸ਼ ਵੱਲ ਵਧਣ ਦੇ ਰਾਹ ਉੱਤੇ ਚੱਲ ਰਿਹਾ ਹੈ ਤੇ 2040 ਤੱਕ ਅਜਿਹਾ ਹੋ ਜਾਵੇਗਾ। ਹਰ ਦਹਾਕੇ ਵਿੱਚ ਦੁਨੀਆਂ ਵਿੱਚ 0.2 ਸੈਲਸੀਅਸ ਦੇ ਹਿਸਾਬ ਨਾਲ ਤਪਿਸ਼ ਵੱਧਦੀ ਜਾ ਰਹੀ ਹੈ। 19ਵੀਂ ਸਦੀ ਦੇ ਮੱਧ ਤੋਂ ਲੈ ਕੇ ਹੁਣ ਤੱਕ ਇਹ ਤਪਿਸ 1 ਸੈਲਸੀਅਸ ਤੋਂ ਜ਼ਿਆਦਾ ਵੱਧ ਚੁੱਕੀ ਹੈ।

2015 ਵਿੱਚ ਪੈਰਿਸ ਕਲਾਈਮੇਟ ਚੇਂਜ ਅਗਰੀਮੈਂਟ ਵਿੱਚ ਇਸ ਸਦੀ ਦੇ ਅੰਤ ਤੱਕ ਇਹ ਰਿਸਾਅ ਘਟਾਉਣ ਦਾ ਟੀਚਾ ਤੈਅ ਕੀਤਾ ਗਿਆ। ਕਲਾਈਮੇਟ ਐਕਸ਼ਨ ਨੈੱਟਵਰਕ ਕੈਨੇਡਾ ਦੀ ਐਗਜ਼ੈਕਟਿਵ ਡਾਇਰੈਕਟਰ ਕੈਥਰੀਨ ਐਬਰਿਊ ਨੇ ਆਖਿਆ ਕਿ 1.5 ਸੈਲਸੀਅਸ ਤੇ 2 ਸੈਲਸੀਅਸ ਵਿੱਚ ਭਾਵੇਂ ਜ਼ਿਆਦਾ ਫਰਕ ਨਾ ਲੱਗਦਾ ਹੋਵੇ



ਪਰ ਜਦੋਂ ਵਾਤਾਵਰਣ ਵਿੱਚ ਤਬਦੀਲੀ ਦਾ ਮਾਮਲਾ ਆਉਂਦਾ ਹੈ ਤਾਂ ਇਹ ਫਰਕ ਬਹੁਤ ਵੱਡਾ ਹੁੰਦਾ ਹੈ।

ਯੂਨਾਈਟਿਡ ਕਿੰਗਡਮ ਸਥਿਤ ਵੈੱਬਸਾਈਟ ਕਾਰਬਨ ਬ੍ਰੀਫ, ਜੋ ਕਿ ਕਲਾਈਮੇਟ ਸਾਇੰਸ ਤੇ ਪਾਲਿਸੀ ਉੱਤੇ ਕੇਂਦਰਿਤ ਹੈ, ਵੱਲੋਂ 70 ਪੀਅਰ ਰਵੀਊਡ ਕਲਾਈਮੇਟ ਸਟੱਡੀਜ਼ ਦਾ ਮੁਲਾਂਕਣ ਕੀਤਾ ਗਿਆ ਹੈ। ਇਸ ਉੱਤੇ ਆਧਾਰਿਤ ਅੰਦਾਜ਼ੇ ਮੁਤਾਬਕ ਜੇ 1.5 ਸੈਲਸੀਅਸ ਤਪਿਸ ਵੱਧਦੀ ਹੈ ਤਾਂ ਉਸ ਨਾਲ ਸਮੁੰਦਰ ਦਾ ਪੱਧਰ 48 ਸੈਂਟੀਮੀਟਰ ਤੱਕ ਵਧੇਗਾ ਪਰ 2 ਸੈਲਸੀਅਸ ਤਪਿਸ਼ ਵੱਧਣ ਨਾਲ ਸਮੁੰਦਰ ਦਾ ਪੱਧਰ 56 ਸੈਂਟੀਮੀਟਰ ਵਧੇਗਾ। ਇਸ ਤੋਂ ਇਲਾਵਾ ਆਰਕਟਿਕ ਵਿੱਚ ਗਰਮੀਆਂ ਬਰਫ ਮੁਕਤ ਹੋਣਗੀਆਂ ਤੇ ਪੂਰਬੀ ਕੈਨੇਡਾ ਵਿੱਚ ਹੱਦੋਂ ਵੱਧ ਮੀਂਹ ਪੈਣ ਦੀ ਸੰਭਾਵਨਾ 26 ਫੀ ਸਦੀ ਹੋ ਜਾਵੇਗੀ।

ਅਗਲੇ ਸਾਲ ਪੈਰਿਸ ਅਗਰੀਮੈਂਟ ਉੱਤੇ ਸਹੀ ਪਾਉਣ ਵਾਲੇ ਮੁਲਕ ਆਪਣੇ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਦੇ ਟੀਚਿਆਂ ਬਾਰੇ ਗੱਲ ਕਰਨਗੇ। ਕੈਨੇਡਾ 2030 ਤੱਕ ਇਸ ਰਿਸਾਅ ਨੂੰ 2005 ਦੇ ਮੁਕਾਬਲੇ 30 ਫੀ ਸਦੀ ਘਟਾਉਣਾ ਚਾਹੁੰਦਾ ਹੈ। ਇਸ ਦੌਰਾਨ ਇੱਕ ਇੰਟਰਵਿਊ ਵਿੱਚ ਵਾਤਾਵਰਣ ਮੰਤਰੀ ਕੈਥਰੀਨ ਮੈਕੇਨਾ ਨੇ ਆਖਿਆ ਕਿ ਅਸੀਂ ਆਈਪੀਸੀਸੀ ਦੀ ਰਿਪੋਰਟ ਬਾਰੇ ਜਾਣਦੇ ਹਾਂ। ਸਾਨੂੰ ਪਤਾ ਹੈ ਕਿ ਟੀਚੇ ਪੂਰੇ ਕਰਨ ਲਈ ਸਾਨੂੰ ਹੋਰ ਕਾਫੀ ਕੁੱਝ ਕਰਨ ਦੀ ਲੋੜ ਹੈ। ਪਰ ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਕੋਲ ਅਜੇ ਇਸ ਸਬੰਧ ਵਿੱਚ ਕੋਈ ਹੋਰ ਪਲੈਨ ਨਹੀਂ ਹੈ।

## ਟਰਾਂਸ ਮਾਊਨਟੇਨ ਪਾਈਪਲਾਈਨ ਵੇਚਣ ਬਾਰੇ ਵਿਚਾਰ ਨਹੀਂ ਕਰ ਰਹੀ ਫੈਡਰਲ ਸਰਕਾਰ : ਮੌਰਨਿਊ

ਓਟਵਾ, 8 ਅਕਤੂਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਫਿਲਹਾਲ ਟਰਾਂਸ ਮਾਊਨਟੇਨ ਪਾਈਪਲਾਈਨ ਪ੍ਰੋਜੈਕਟ ਨੂੰ ਵੇਚਣ ਬਾਰੇ ਨਹੀਂ ਸੋਚ ਰਹੀ ਹੈ। ਵਿੱਤ ਮੰਤਰੀ ਬਿੱਲ ਮੌਰਨਿਊ ਨੇ ਆਖਿਆ ਕਿ ਜਦੋਂ ਉਹ ਸਮਾਂ ਆਵੇਗਾ ਤੇ ਮੂਲਵਾਸੀ ਗਰੁੱਪ ਉਸ ਨੂੰ ਖਰੀਦਣਾ ਚਾਹੁਣਗੇ ਤਾਂ ਉਹ ਚੰਗੀ ਗੱਲ ਹੋਵੇਗੀ।



ਫੈਡਰਲ ਅਦਾਲਤ ਵੱਲੋਂ ਕੈਬਨਿਟ ਦੀ ਮਨਜ਼ੂਰੀ ਨੂੰ ਦਰਕਿਨਾਰ ਕਰਕੇ ਮੂਲਵਾਸੀ ਲੋਕਾਂ ਨਾਲ ਇਸ ਪ੍ਰੋਜੈਕਟ ਬਾਰੇ ਨਵੇਂ ਸਿਰੇ ਤੋਂ ਸਲਾਹ ਮਸ਼ਵਰਾ ਕਰਨ ਦੇ ਦਿੱਤੇ ਹੁਕਮਾਂ ਤੋਂ ਬਾਅਦ ਹਾਲ ਦੀ ਘੜੀ ਤਾਂ ਸੱਤਾਧਾਰੀ ਲਿਬਰਲ ਇਹ ਚਾਹੁੰਦੇ ਹਨ ਕਿ ਇਹ ਪ੍ਰੋਜੈਕਟ ਅੱਗੇ ਵਧੇ। ਬੁੱਧਵਾਰ ਨੂੰ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਸਾਬਕਾ ਸੁਪਰੀਮ ਕੋਰਟ ਦੇ ਜੱਜ ਦੀ ਮਦਦ ਨਾਲ ਉਹ ਮੂਲਵਾਸੀਆਂ ਨਾਲ ਇਸ ਮੁੱਦੇ ਉੱਤੇ ਮੁੜ ਗੱਲਬਾਤ ਕਰਨ ਜਾ ਰਹੀ ਹੈ। ਸਰਕਾਰ ਨੇ ਇਹ ਵੀ ਆਖਿਆ ਸੀ ਕਿ ਉਹ ਅਦਾਲਤ ਦੇ ਫੈਸਲੇ ਖਿਲਾਫ ਅਪੀਲ ਨਹੀਂ ਕਰਨਗੇ। ਇਸ ਤੋਂ ਇਲਾਵਾ ਫੈਡਰਲ ਸਰਕਾਰ ਤੱਟੀ ਪ੍ਰਭਾਵਾਂ ਬਾਰੇ ਨੈਸ਼ਨਲ ਐਨਰਜੀ ਬੋਰਡ ਦਾ ਮੁਲਾਂਕਣ ਵੀ ਲਾਂਚ ਕਰ ਚੁੱਕੀ ਹੈ।

ਮੌਰਨਿਊ ਨੇ ਇੱਕ ਇੰਟਰਵਿਊ ਵਿੱਚ ਆਖਿਆ ਇਸ ਸਮੇਂ ਅਸੀਂ ਅਜਿਹੀ ਸਥਿਤੀ ਵਿੱਚ ਨਹੀਂ ਹਾਂ ਕਿ ਪਾਈਪਲਾਈਨ ਨੂੰ ਵੇਚ ਸਕੀਏ ਜਾਂ ਇਸ ਦਾ ਪਸਾਰ ਕਰ ਸਕੀਏ। ਜਦੋਂ ਮੌਰਨਿਊ ਨੇ ਕਿੰਡਰ ਮੌਰਗਨ ਤੋਂ ਪਾਈਪਲਾਈਨ ਖਰੀਦਣ ਤੇ ਇਸ ਦਾ ਪਸਾਰ ਕਰਨ ਦਾ ਐਲਾਨ ਕੀਤਾ ਸੀ ਤਾਂ ਉਨ੍ਹਾਂ ਆਖਿਆ ਸੀ ਕਿ ਮੂਲਵਾਸੀ ਗਰੁੱਪਜ਼, ਪੈਨਸ਼ਨ ਫੰਡਜ਼ ਤੇ ਕਈ ਹੋਰਨਾਂ ਵੱਲੋਂ ਇਸ ਪ੍ਰੋਜੈਕਟ ਵਿੱਚ ਦਿਲਚਸਪੀ ਵਿਖਾਈ ਗਈ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਇਹ ਕਮਰਸ਼ੀਅਲ ਅਗਰੀਮੈਂਟ ਨਿਵੇਸ਼ ਸਬੰਧੀ ਚੰਗਾਂ ਮੌਕਾ ਹੈ।

## ਮੁੰਬਈ ਅੱਤਵਾਦੀ ਹਮਲੇ ਬਾਰੇ ਦੇਸ਼ ਧਰੋਹ ਦੇ ਕੇਸ ਵਿੱਚ ਨਵਾਜ਼ ਸ਼ਰੀਫ ਅਦਾਲਤ ’ਚ ਪੇਸ਼

ਲਾਹੌਰ, 8 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਦੋ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਸ਼ਾਹਿਦ ਖਾਕਾਨ ਅੱਬਾਸੀ ਤੇ ਪੱਤਰਕਾਰ ਸਿਰਿਲ ਅਲਮੀਡਾ ਸੋਮਵਾਰ ਨੂੰ ਲਾਹੌਰ ਅਦਾਲਤ ’ਚ ਪੇਸ਼ ਹੋਏ। ਇਨ੍ਹਾਂ ਤਿੰਨਾਂ ’ਤੇ ਮੁੰਬਈ ਹਮਲੇ ਨਾਲ ਜੁੜੇ ਮਾਮਲੇ ਵਿੱਚ ਦੇਸ਼ ਧਰੋਹ ਦਾ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਗਈ ਹੈ। ਡਾਨ ਅਖ਼ਬਾਰ ਨੂੰ ਦਿੱਤੀ ਇੰਟਰਵਿਊ ’ਚ ਨਵਾਜ਼ ਸ਼ਰੀਫ ਨੇ ਸਾਲ 2008 ਵਿੱਚ ਹੋਏ ਮੁੰਬਈ ਅੱਤਵਾਦੀ ਹਮਲੇ ਵਿੱਚ ਪਾਕਿਸਤਾਨ ਦੀ ਭੂਮਿਕਾ ਸਿੱਧੇ ਤੌਰ ’ਤੇ ਮੰਨ ਲਈ ਸੀ। ਉਨ੍ਹਾਂ ਦਾ ਇਹ ਬਿਆਨ ਦੇਸ਼ ਦੇ ਖ਼ਿਲਾਫ਼ ਦੱਸ ਕੇ ਸਿਵਲ ਸੁਸਾਇਟੀ ਦੀ ਮੈਂਬਰ ਅਮੀਨਾ ਮਲਿਕ ਨੇ ਸ਼ਰੀਫ ਅਤੇ ਸਿਰਿਲ ’ਤੇ ਕੇਸ ਕੀਤਾ ਹੈ। ਸ਼ਰੀਫ ਦੇ ਇਸ ਬਿਆਨ ’ਤੇ ਚਰਚਾ ਲਈ ਓਦੋਂ ਪ੍ਰਧਾਨ ਮੰਤਰੀ ਅੱਬਾਸੀ ਨੇ ਕੌਮੀ ਸੁਰੱਖਿਆ ਕੌਂਸਲ ਦੀ ਬੈਠਕ ਬੁਲਾਈ ਸੀ ਤੇ ਫਿਰ ਅੱਬਾਸੀ ਨੇ ਸ਼ਰੀਫ ਨਾਲ ਮਿਲ ਕੇ ਉਨ੍ਹਾਂ ਨੂੰ ਇਸ ਬੈਠਕ ’ਚ ਉੱਠੇ ਮੁੱਦਿਆਂ ਤੇ ਫ਼ੌਜ ਦੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਸੀ। ਇਸ ਲਈ ਅਮੀਨਾ ਮਲਿਕ ਨੇ ਅੱਬਾਸੀ ਉੱਤੇ ਵੀ ਕੇਸ ਕੀਤਾ ਹੈ। ਪਿਛਲੀ ਸੁਣਵਾਈ ’ਚ ਸਿਰਿਲ ਤੇ ਸ਼ਰੀਫ ਗ਼ੈਰ ਹਾਜ਼ਰ ਸਨ। ਇਸ ਕਾਰਨ ਕੇਸ ਦੀ ਸੁਣਵਾਈ ਕਰ ਰਹੀ ਤਿੰਨ ਮੈਂਬਰੀ ਬੈਂਚ ਨੇ ਸਿਰਿਲ ਦੇ ਖ਼ਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤਾ ਤੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਨਾ ਜਾਣ ਦੇਣ ਦਾ ਆਦੇਸ਼ ਦਿੱਤਾ ਸੀ।

## ਭਾਰਤ ਦੀ ਬ੍ਰਹਮੋਸ ਮਿਜ਼ਾਈਲ ਦਾ ਇੰਜੀਨੀਅਰ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਲਖਨਊ, 8 ਅਕਤੂਬਰ, (ਪੋਸਟ ਬਿਊਰੋ)- ਨਾਗਪੁਰ ਵਿਚਲੇ ਬ੍ਰਹਮੋਸ ਮਿਜ਼ਾਈਲ ਯੂਨਿਟ ਦੇ ਇੱਕ ਸੀਨੀਅਰ ਸਿਸਟਮ ਇੰਜੀਨੀਅਰ ਨਿਸ਼ਾਂਤ ਅਗਰਵਾਲ ਨੂੰ ਜਾਸੂਸੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਸੋਮਵਾਰ ਨੂੰ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਪੁਲਿਸ ਦੇ ਅੱਤਵਾਦ ਰੋਕੂ ਦਸਤੇ (ਏ ਟੀ ਐੱਸ) ਨੇ ਨਿਸ਼ਾਂਤ ਨੂੰ ਨਾਗਪੁਰ ਵਿੱਚ ਬ੍ਰਹਮੋਸ ਮਿਜ਼ਾਈਲ ਵਾਲੇ ਵਰਧਾ ਰੋਡ ਦੇ ਕੰਪਲੈਕਸ ਤੋਂ ਫੜਿਆ ਹੈ। ਉਸ ਦੇ ਲੈਪਟਾਪ ਤੋਂ ਕਈ ਗੁਪਤ ਦਸਤਾਵੇਜ਼ ਮਿਲੇ ਹਨ।



ਮਿਲੀ ਜਾਣਕਾਰੀ ਅਨੁਸਾਰ ਏ ਟੀ ਐੱਸ ਨੂੰ ਸ਼ੱਕ ਹੈ ਕਿ ਕਰੀਬ ਦੋ ਸਾਲ ਪਹਿਲਾਂ ਹਨੀ-ਟਰੈਪ ਦਾ ਸ਼ਿਕਾਰ ਬਣੇ ਨਿਸ਼ਾਂਤ ਨੇ ਗੁਪਤ ਸੂਚਨਾਵਾਂ ਪਾਕਿਸਤਾਨ ਅਤੇ ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਨਾਲ ਸਾਂਝੀਆਂ ਕੀਤੀਆਂ ਹਨ। ਉਹ ਪਾਕਿਸਤਾਨ ਦੇ ਦੋ ਫ਼ਰਜ਼ੀ ਫੇਸਬੁੱਕ ਆਈ ਡੀ ਦੇ ਸੰਪਰਕ ਵਿੱਚ ਸੀ। ਕਾਨਪੁਰ ਅਤੇ ਆਗਰੇ ’ਚ ਫੌਜੀ ਟਿਕਾਣਿਆਂ ਨਾਲ ਜੁੜੇ ਹੋਏ ਦੋ ਵਿਅਕਤੀਆਂ ਬਾਰੇ ਵੀ ਜਾਂਚ ਚੱਲ ਰਹੀ ਹੈ। ਸੂਤਰਾਂ ਮੁਤਾਬਕ ਕਾਨਪੁਰ ’ਚ ਜਿਨ੍ਹਾਂ ਬਾਰੇ ਜਾਂਚ ਚੱਲ ਰਹੀ ਹੈ, ਉਨ੍ਹਾਂ ਵਿੱਚ ਇਕ ਮਹਿਲਾ ਅਧਿਕਾਰੀ ਵੀ ਹੈ। ਪਤਾ ਲੱਗਾ ਹੈ ਕਿ ਖੁਫੀਆ ਟੀਮ ਐਤਵਾਰ ਰਾਤ ਤੋਂ ਨਿਸ਼ਾਂਤ ’ਤੇ ਨਜ਼ਰ ਰੱਖ ਰਹੀ ਸੀ ਤੇ ਸੋਮਵਾਰ ਗ੍ਰਿਫ਼ਤਾਰ ਕਰ ਲਿਆ। ਉਹ ਉੱਤਰਾਖੰਡ ਦੇ ਰੁੜਕੀ ਦਾ ਵਾਸੀ ਅਤੇ ਪਿਛਲੇ ਪੰਜ ਸਾਲ ਤੋਂ ਡੀ ਆਰ ਡੀ ਓ ਦੀ ਨਾਗਪੁਰ ਯੂਨਿਟ ਵਿੱਚ ਕੰਮ ਕਰ ਰਿਹਾ ਹੈ। ਏ ਟੀ ਐੱਸ ਟੀਮ ਜਾਂਚ ਲਈ ਨਿਸ਼ਾਂਤ ਨੂੰ ਉਸ ਦੇ ਘਰ ਲੈ ਗਈ। ਉੱਤਰ ਪ੍ਰਦੇਸ਼ ਏ ਟੀ ਐੱਸ ਦੇ ਆਈ ਜੀ ਅਸੀਮ ਅਰੁਣ ਨੇ ਦੱਸਿਆ ਕਿ ਨਿਸ਼ਾਂਤ ਦੇ ਕੰਪਿਊਟਰ ਤੋਂ ਸੰਵੇਦਨਸ਼ੀਲ ਸੂਚਨਾਵਾਂ ਪਤਾ ਲੱਗੀਆਂ ਅਤੇ ਫੇਸਬੁੱਕ ਉਤੇ ਪਾਕਿਸਤਾਨੀ ਲੋਕਾਂ ਨਾਲ ਗੱਲਬਾਤ ਕਰਨ ਦੇ ਵੀ ਸਬੂਤ ਮਿਲੇ ਹਨ।

ਵਰਨਣ ਯੋਗ ਹੈ ਕਿ ਦੁਨੀਆ ਦੀ ਸਭ ਤੋਂ ਤੇਜ਼ ਸੁਪਰਸੋਨਿਕ ਕਰੂਜ਼ ਮਿਜ਼ਾਈਲ ਬ੍ਰਹਮੋਸ ਏਅਰੋਸਪੇਸ ਭਾਰਤ ਦੇ ਡੀ ਆਰ ਡੀ ਓ ਅਤੇ ਰੂਸ ਦੇ ਐੱਨ ਪੀ ਓ ਐੱਮ ਦਾ ਸਾਂਝਾ ਯੂਨਿਟ ਹੈ। ਬ੍ਰਹਮੋਸ ਦੁਨੀਆ ਦੀ ਸਭ ਤੋਂ ਤੇਜ਼ ਸੁਪਰਸੋਨਿਕ ਕਰੂਜ਼ ਮਿਜ਼ਾਈਲ ਹੈ। ਇਹ ਆਵਾਜ਼ ਦੀ ਰਫ਼ਤਾਰ ਤੋਂ ਕਰੀਬ ਤਿੰਨ ਗੁਣਾ ਰਫ਼ਤਾਰ ਨਾਲ ਹਮਲਾ ਕਰ ਸਕਦੀ ਹੈ। ਇਸ ਨੂੰ ਪਣਡੁੱਬੀ ਨਾਲ, ਪਾਣੀ ਦੇ ਜਹਾਜ਼ ਨਾਲ, ਜਹਾਜ਼ ਤੋਂ ਜਾਂ ਜ਼ਮੀਨ ਤੋਂ ਛੱਡਿਆ ਜਾ ਸਕਦਾ ਹੈ। ਇਹ ਘੱਟ ਉੱਚਾਈ ’ਤੇ ਤੇਜ਼ੀ ਨਾਲ ਉਡਾਣ ਭਰਦੀ ਅਤੇ ਰਡਾਰ ਦੀ ਪਕੜ ’ਚ ਆਉਣ ਤੋਂ ਬਚ ਜਾਂਦੀ ਹੈ। ਇਹ ਮਿਜ਼ਾਈਲ ਜ਼ਮੀਨ ਹੇਠਾਂ ਬੰਕਰਾਂ ਅਤੇ ਸਮੁੰਦਰ ਦੇ ਉੱਪਰ ਉੱਡਦੇ ਜਹਾਜ਼ਾਂ ਨੂੰ ਦੂਰੋਂ ਨਿਸ਼ਾਨਾ ਬਣਾ ਸਕਦੀ ਹੈ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
NO CREDIT ANY CREDIT
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Reach Truck
Counterbalance
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਕੇਂਦਰ ਵੱਲੋਂ ਜਲ੍ਹਿਆਂਵਾਲਾ ਬਾਗ ਨਿੱਜੀ ਕੰਪਨੀ ਨੂੰ ਸੌਂਪਣ ਵਿਰੁੱਧ ਡਟ ਗਿਆ ਨਵਜੋਤ ਸਿੱਧੂ

ਚੰਡੀਗੜ੍ਹ, 8 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਸੱਭਿਆਚਾਰ, ਸੈਰ ਸਪਾਟਾ ਤੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੇਂਦਰ ਸਰਕਾਰ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਦਿਨ ਤੇ ਜਲ੍ਹਿਆਂਵਾਲਾ ਬਾਗ ਦੀ 100ਵੀਂ ਵਰ੍ਹੇਗੰਢ ਦੇ ਮੁੱਦੇ ’ਤੇ ਅਪਣਾਏ ਨਾਂਹ-ਪੱਖੀ ਵਿਹਾਰ ਦੀ ਨਿੰਦਾ ਕੀਤੀ ਹੈ।



ਅੱਜ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਨੇ ਜਲ੍ਹਿਆਂਵਾਲਾ ਬਾਗ ਨਿੱਜੀ ਕੰਪਨੀ ਨੂੰ ਸੌਂਪਣ ਦੀ ਤਜਵੀਜ਼ ਬਣਾਈ ਹੈ। ਉਨ੍ਹਾ ਨੇ ਕਿਹਾ ਕਿ ‘ਇਹ ਸਾਡੀ ਕੌਮੀ ਵਿਰਾਸਤ ਹੈ ਤੇ ਕੋਈ ਏਥੇ ਨਿਸ਼ਕਾਮ ਸੇਵਾ ਕਰ ਸਕਦਾ ਹੈ, ਪ੍ਰੰਤੂ ਜਲ੍ਹਿਆਂਵਾਲਾ ਬਾਗ ਵਿੱਚ ਨਿੱਜੀ ਕੰਪਨੀ ਦੀ ਮਸ਼ਹੂਰੀ ਜਾਂ ਕਿਸੇ ਦਾਖ਼ਲਾ ਟਿਕਟ ਦਾ ਵਿਰੋਧ ਕੀਤਾ ਜਾਵੇਗਾ, ਭਾਵੇਂ ਸਿਰ-ਧੜ ਦੀ ਬਾਜ਼ੀ ਲਾਉਣੀ ਪੈ ਜਾਵੇ।’ ਇਸ ਬਾਰੇ ਉਨ੍ਹਾਂ ਕੇਂਦਰ ਸਰਕਾਰ ਦੇ ਸੈਰ ਸਪਾਟਾ ਮੰਤਰੀ ਕੇ ਜੇ ਅਲਫੌਂਸ ਨੂੰ ਪੱਤਰ ਲਿਖ ਕੇ ਦੱਸ ਦਿੱਤਾ ਹੈ। ਸਿੱਧੂ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ ਦੇ ਲਈ 8 ਕਰੋੜ ਰੁਪਏ ਜਾਰੀ ਹੋਏ ਹਨ, ਪ੍ਰੰਤੂ ਖ਼ਰਚ ਕਰਨ ਦੀ ਮਨਜ਼ੂਰੀ ਹਾਲੇ ਤੱਕ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ 100ਵੀਂ ਵਰ੍ਹੇਗੰਢ ਲਈ ਛੇ ਮਹੀਨੇ ਬਾਕੀ ਰਹਿੰਦੇ ਹਨ ਤੇ ਪੈਸਾ ਕਦੋਂ ਖ਼ਰਚ ਹੋਵੇਗਾ, ਇਸ ਟੈਂਡਰ ਪ੍ਰਕਿਰਿਆ ਨੂੰ ਵੀ ਸਮਾਂ ਲੱਗਣਾ ਹੈ।

ਨਵਜੋਤ ਸਿੰਘ ਸਿੱਧੂ ਨੇ ਇਹ ਵੀ ਦੱਸਿਆ ਕਿ ਕੇਂਦਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਮਨਾਉਣ ਲਈ ਮਾਇਕ ਮਦਦ ਦੇਣ ਤੋਂ ਵੀ ਇੱਕ ਤਰ੍ਹਾਂ ਕਿਨਾਰਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਸੱਭਿਆਚਾਰ ਤੇ ਸੈਰ ਸਪਾਟਾ ਮੰਤਾਰਲੇ ਨੇ ਪੂਰੇ ਦੇਸ਼ ਲਈ ਮਸਾਂ 35 ਕਰੋੜ ਰੁਪਏ ਰੱਖੇ ਹਨ, ਜਦੋਂ ਕਿ ਰਾਜ ਸਰਕਾਰ ਇਕੱਲੀ ਨੇ 2100 ਕਰੋੜ ਰੁਪਏ ਮੰਗੇ ਸਨ। ਉਨ੍ਹਾਂ ਕਿਹਾ ਕਿ ਦੋਵੇਂ ਮੁੱਦੇ ਉਹ ਪੰਜਾਬ ਕੈਬਨਿਟ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕਰਨਗੇ ਤਾਂ ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਈ ਫ਼ੈਸਲਾ ਲੈ ਸਕਣ। ਕੇਂਦਰ ਸਰਕਾਰ ਦਾ ਵਿਹਾਰ ਅਤਿ ਨਿੰਦਣ ਯੋਗ ਕਹਿ ਕੇ ਸਿੱਧੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਲਈ ਪੂਰੀ ਦੁਨੀਆ ਦੇ ਨਾਨਕ ਨਾਮ ਲੇਵਾ ਲੋਕਾਂ ਵਿੱਚ ਉਤਸ਼ਾਹ ਹੈ ਤੇ ਮੋਦੀ ਸਰਕਾਰ ਇਸ ਨੂੰ ਅਣਗੌਲੇ ਕਰਨ ਦੇ ਯਤਨ ਕਰ ਰਹੀ ਹੈ। ਉਨ੍ਹਾਂ ਨੇ ਕੇਂਦਰ ਵੱਲੋਂ 2018-19 ਦੇ ਯਾਦਗਾਰੀ ਸਮਾਗਮ ਮਨਾਉਣ ਲਈ ਬਣਾਈ ‘ਨੈਸ਼ਨਲ ਇੰਪਲੀਮੈਂਟੇਸ਼ਨ ਕਮੇਟੀ’ ਦੀ 30 ਜੁਲਾਈ ਦੀ ਮੀਟਿੰਗ ਦੇ ਵੇਰਵੇ ਮੀਡੀਆ ਨੂੰ ਪੇਸ਼ ਕਰ ਕੇ ਦੱਸਿਆ ਕਿ ਗੁਰੂ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵੱਡੇ ਪੱਧਰ ’ਤੇ ਮਨਾਉਣ ਲਈ ਮੁੱਖ ਮੰਤਰੀ ਪੰਜਾਬ ਨੇ 2145.31 ਕਰੋੜ ਰੁਪਏ ਪੈਕੇਜ ਮੰਗਿਆ ਸੀ, ਜਿਸ ਵਿੱਚੋਂ 1050 ਕਰੋੜ ਰੁਪਏ ਯਾਦਗਾਰੀ ਪ੍ਰਾਜੈਕਟਾਂ ਅਤੇ 1095.31 ਕਰੋੜ ਬੁਨਿਆਦੀ ਢਾਂਚੇ ਲਈ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਮੀਟਿੰਗ ਦੇ ਮੁਤਾਬਕ ਕੇਂਦਰ ਨੇ ਯਾਦਗਾਰੀ ਸਮਾਗਮਾਂ ਲਈ ਕੁੱਲ ਰਕਮ ਸਿਰਫ਼ 100 ਕਰੋੜ ਰੱਖੀ ਹੈ, ਜਿਸ ਵਿੱਚੋਂ 65 ਕਰੋੜ ਰੁਪਏ ਖ਼ਰਚਣ ਦਾ ਪਤਾ ਲੱਗਾ ਹੈ।

# ਬਰਗਾੜੀ ਕੇਸ ਵਿੱਚ ਦੋ ਸੀਨੀਅਰ ਪੁਲਸ ਅਫਸਰਾਂ ਨੂੰ ਹਾਈ ਕੋਰਟ ਤੋਂ ਰਾਹਤ

ਚੰਡੀਗੜ੍ਹ, 8 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫਾਜ਼ਿਲਕਾ ਦੇ ਸਾਬਕਾ ਐਸ ਐਸ ਪੀ ਬਿਕਰਮਜੀਤ ਸਿੰਘ ਅਤੇ ਇਕ ਹੋਰ ਪੁਲੀਸ ਅਫਸਰ ਪ੍ਰਦੀਪ ਸਿੰਘ ਨੂੰ ਛੋਟ ਦਿੰਦਿਆਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ’ਤੇ ਕਾਰਵਾਈ ਕਰਨ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਬਰਗਾੜੀ ਦੇ ਬੇਅਦਬੀ ਕਾਂਡ ਦੀ ਜਾਂਚ ਲਈ ਬਣੇ ਜਸਟਿਸ ਰਣਜੀਤ ਸਿੰਘ ਜਾਂਚ ਕਮਿਸ਼ਨ ਵੱਲੋਂ ਦੋ ਸਾਬਕਾ ਐਸ ਐਸ ਪੀ ਅਤੇ ਸਾਬਕਾ ਐਸ ਐਚ ਓ ਦੇ ਖ਼ਿਲਾਫ਼ ਸਿਫ਼ਾਰਸ਼ ਕਰਨ ਪਿੱਛੋਂ ਹਾਈ ਕੋਰਟ ਨੇ ਉਨ੍ਹਾਂ ਨੂੰ ਪਹਿਲਾਂ ਹੀ ਕੁਝ ਰਾਹਤ ਦੇ ਦਿੱਤੀ ਸੀ। ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਦੋਵਾਂ ਦੀਆਂ ਪਟੀਸ਼ਨਾਂ ਦੇ ਨਾਲ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਅਤੇ ਰਘਬੀਰ ਸਿੰਘ ਸੰਧੂ ਤੇ ਬਾਜਾਖਾਨਾ ਥਾਣੇ ਦੇ ਓਦੋਂ ਦੇ ਮੁਖੀ ਅਮਰਜੀਤ ਸਿੰਘ ਵੱਲੋਂ ਪਹਿਲਾਂ ਦਾਖ਼ਲ ਪਟੀਸ਼ਨਾਂ ’ਤੇ ਇਕੱਠਿਆਂ 11 ਅਕਤੂਬਰ ਨੂੰ ਸੁਣਵਾਈ ਹੋਵੇਗੀ। ਪੰਜਾਬ ਸਰਕਾਰ ਵੱਲੋਂ ਅੰਤਰਿਮ ਹੁਕਮਾਂ ਤੋਂ ਰੋਕ ਹਟਾਉਣ ਦੀ ਅਰਜ਼ੀ ’ਤੇ ਵੀ ਓਦੋਂ ਸੁਣਵਾਈ ਹੋਵੇਗੀ।

ਅੱਜ ਜਦੋਂ ਸੁਣਵਾਈ ਲਈ ਪਟੀਸ਼ਨਾਂ ਪੇਸ਼ ਹੋਈਆਂ ਤਾਂ ਸੀਨੀਅਰ ਵਕੀਲ ਅਕਸ਼ੇ ਭਾਨ ਤੇ ਸੰਤ ਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਬਿਕਰਮਜੀਤ ਸਿੰਘ ਨੂੰ ਜਾਂਚ ਕਮਿਸ਼ਨ ਐਕਟ ਦੀ ਧਾਰਾ 8-ਬੀ ਹੇਠ ਨੋਟਿਸ ਜਾਰੀ ਹੋਇਆ ਸੀ। ਇਸ ਤੋਂ ਸਾਫ ਹੈ ਕਿ ਉਸ ਨੂੰ ਕਮਿਸ਼ਨ ਕੋਲ ਪੇਸ਼ ਹੋ ਕੇ ਆਪਣੇ ਬਚਾਅ ਦੇ ਸਬੂਤ ਦੇਣ ਦਾ ਪੂਰਾ ਮੌਕਾ ਦਿੱਤਾ ਜਾਵੇ। ਦੋਵਾਂ ਨੇ ਕਿਹਾ ਕਿ ਇਹ ਨੋਟਿਸ ਸਿਰਫ ਰਸਮੀ ਸੀ ਤੇ ਗਵਾਹਾਂ ਦੇ ਖ਼ਿਲਾਫ਼ ਮਿਲੇ ਸਬੂਤ ਉਸ ਨੂੰ ਦਿੱਤੇ ਜਾਣੇ ਸਨ। ਪ੍ਰਦੀਪ ਸਿੰਘ ਦੇ ਵਕੀਲ ਗੌਰਵ ਚੋਪੜਾ ਨੇ ਕਿਹਾ ਕਿ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਹੇਠ ਬਣੇ ਪਹਿਲੇ ਕਮਿਸ਼ਨ ਦਾ ਬਦਲ ਦੂਸਰਾ ਕਮਿਸ਼ਨ ਨਹੀਂ ਹੋ ਸਕਦਾ। ਪਿਛਲੀ ਸੁਣਵਾਈ ਮੌਕੇ ਐਡਵੋਕੇਟ ਜਨਰਲ ਪੰਜਾਬ ਅਤੁਲ ਨੰਦਾ ਨੇ ਇਸ ਕੇਸ ਦੇ ਅੰਤਰਿਮ ਹੁਕਮਾਂ ਤੋਂ ਰੋਕ ਹਟਾਉਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਇਸ ਨਾਲ ਕਾਰਵਾਈ ’ਚ ਖੜੋਤ ਆ ਗਈ ਹੈ। ਉਨ੍ਹਾਂ ਨੇ ਕਿਹਾ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਮੰਨੀ ਨਹੀਂ ਜਾ ਸਕਦੀ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਘੇਰਾ ਵੱਡਾ ਸੀ ਤੇ ਇਸ ਵਿੱਚ ਭਗਵਦ ਗੀਤਾ ਅਤੇ ਕੁਰਾਨ ਸ਼ਰੀਫ਼ ਦੀਆਂ ਬੇਅਦਬੀ ਦੇ ਕੇਸ ਸ਼ਾਮਲ ਸਨ। ਅਦਾਲਤ ’ਚ ਇਹ ਵੀ ਕਿਹਾ ਗਿਆ ਕਿ ਚਰਨਜੀਤ ਸਿੰਘ ਤੇ ਅਮਰਜੀਤ ਸਿੰਘ ਨੂੰ ਧਾਰਾ 8ਬੀ ਹੇਠ ਉਨ੍ਹਾਂ ਦੇ ਅਧਿਕਾਰਾਂ ਬਾਰੇ ਦੱਸਿਆ ਸੀ ਅਤੇ ਚਰਨਜੀਤ ਸਿੰਘ ਨੇ ਬਿਆਨ ’ਤੇ ਦਸਖ਼ਤ ਵੀ ਕੀਤੇ ਸਨ।

# ਅੱਤਵਾਦੀ ਫੰਡਿੰਗ ਦੀ ਜਾਂਚ ਕਰਨ ਲਈ ਐੱਫ ਏ ਟੀ ਐੱਫ ਟੀਮ ਪਾਕਿ ਜਾ ਪਹੁੰਚੀ

ਇਸਲਾਮਾਬਾਦ, 8 ਅਕਤੂਬਰ, (ਪੋਸਟ ਬਿਊਰੋ)- ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਇਕ ਟੀਮ ਅੱਜ ਪਾਕਿਸਤਾਨ ਜਾ ਪਹੁੰਚੀ ਹੈ। ਇਹ ਟੀਮ ਮਨੀ ਲਾਂਡਰਿੰਗ ਅਤੇ ਅੱਤਵਾਦ ਦੀ ਸਰਪ੍ਰਸਤੀ ਵਿਰੁੱਧ ਪਾਕਿਸਤਾਨ ਵੱਲੋਂ ਚੁੱਕੇ ਕਦਮਾਂ ’ਤੇ ਚਰਚਾ ਕਰਨ ਲਈ ਦੇਸ਼ ਦੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰੇਗੀ।

ਪਾਕਿਸਤਾਨ ਸਰਕਾਰ ਦੇ ਸੂਤਰਾਂ ਨੇ ਦੱਸਿਆ ਹੈ ਕਿ ਐੱਫ ਏ ਟੀ ਐੱਫ ਦੇ ਏਸ਼ੀਆ ਪੈਸੇਫਿਕ ਗਰੁੱਪ (ਏ ਪੀ ਜੀ) ਦੀ ਨੌਂ ਮੈਂਬਰੀ ਟੀਮ ਐਤਵਾਰ ਨੂੰ 12 ਦਿਨਾ ਦੌਰੇ ਉਤੇ ਏਥੇ ਆਈ ਹੈ, ਜੋ ਇਸ ਸਾਲ ਦੇ ਸ਼ੁਰੂ ਵਿਚ ਪਾਕਿਸਤਾਨ ਵੱਲੋਂ ਦਿੱਤੀ ਗਈ ਕਾਰਜ ਯੋਜਨਾ ਦਾ ਅਮਲ ਹੋਇਆ ਵੇਖੇਗੀ। ਇਸ ਟੀਮ ਵਿਚ ਬ੍ਰਿਟੇਨ ਦੇ ਸਕਾਟਲੈਂਡ ਯਾਰਡ, ਅਮਰੀਕਾ ਦੇ ਫਾਈਨੈਂਸ ਮੰਤਰਾਲਾ, ਮਾਲਦੀਵ ਦੀ ਫਾਈਨੈਂਸ਼ਲ ਇੰਟੈਲੀਜੈਂਸ ਯੂਨਿਟ, ਇੰਡੋਨੇਸ਼ੀਆ ਦੇ ਫਾਈਨੈਂਸ ਮੰਤਰਾਲਾ, ਚੀਨ ਦੇ ਪੀਪਲਜ਼ ਬੈਂਕ ਅਤੇ ਤੁਰਕੀ ਦੇ ਜਸਟਿਸ ਮੰਤਰਾਲੇ ਦੇ ਮਾਹਰ ਸ਼ਾਮਲ ਹਨ। ਇਸ ਜੂਨ ਵਿਚ ਪੈਰਿਸ ਵਿਚ ਹੋਈ ਐੱਫ ਏ ਟੀ ਐੱਫ ਦੀ ਬੈਠਕ ਦੇ ਬਾਅਦ ਅੱਤਵਾਦ ਲਈ ਮਾਇਕ ਮਦਦ ਦੇਂਦੇ ਦੇਸ਼ਾਂ ਦੀ ਸੂਚੀ ਵਿਚ ਪਾਕਿਸਤਾਨ ਨੂੰ ਰਸਮੀ ਤੌਰ ਉੱਤੇ ਜੋੜ ਦਿੱਤਾ ਗਿਆ ਸੀ, ਜਿਸ ਦੀ ਅਗਲੀ ਜਾਂਚ ਕੀਤੀ ਜਾਣੀ ਹੈ।

ਵਰਨਣ ਯੋਗ ਹੈ ਕਿ ਮਨੀ ਲਾਂਡਰਿੰਗ, ਅੱਤਵਾਦ ਦੀ ਸਰਪ੍ਰਸਤੀ ਅਤੇ ਅੰਤਰਰਾਸ਼ਟਰੀ ਫਾਈਨੈਂਸ ਸਿਸਟਮ ਵਿੱਚ ਅਖੰਡਤਾ ਅਤੇ ਹੋਰ ਸਬੰਧਤ ਖਤਰਿਆਂ ਨਾਲ ਨਜਿੱਠਣ ਲਈ ਐੱਫ ਏ ਟੀ ਐੱਫ ਦੀ ਸਥਾਪਨਾ ਸਾਲ 1989 ਵਿਚ ਕੀਤੀ ਗਈ ਸੀ। ਪਾਕਿਸਤਾਨ ਦੇ ਖਜ਼ਾਨਾ ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਪਾਕਿਸਤਾਨ ਨੇ ਪੂਰੀ ਤਿਆਰੀ ਕੀਤੀ ਹੈ ਤੇ ਇਸ ਟੀਮ ਨੂੰ ਅੱਤਵਾਦ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਬਾਰੇ ਦੱਸਿਆ ਜਾਵੇਗਾ। ਇਹ ਟੀਮ ਸਾਰੇ ਸਿਸਟਮ ਦੇ ਸਹੀ ਤਰ੍ਹਾਂ ਲਾਗੂ ਹੋਣ ਦੀ ਜਾਂਚ ਲਈ ਮੌਕੇ ’ਤੇ ਨਿਰੀਖਣ ਕਰੇਗੀ ਤੇ ਉਸ ਦੇ ਤਿੰਨ ਮੈਂਬਰ ਲੰਬਾ ਸਮਾਂ ਇੱਥੇ ਰੁਕ ਕੇ ਪਾਕਿਸਤਾਨ ਦੇ ਨਾਲ ਬਣਾਈ ਗਈ 10 ਸੂਤਰੀ ਯੋਜਨਾ ’ਤੇ ਅਮਲ ਦੀ ਜਾਂਚ ਕਰਨਗੇ। ਐੱਫ ਏ ਟੀ ਐੱਫ ਨਾਲ ਹੋਈ ਗੱਲਬਾਤ ਦੇ ਮੁਤਾਬਕ ਬਣਾਈ ਗਈ ਸੂਚੀ ਵਿੱਚੋਂ ਨਿਕਲਣ ਲਈ ਪਾਕਿਸਤਾਨ ਨੂੰ ਸਤੰਬਰ 2019 ਤੱਕ 10 ਸੂਤਰੀ ਯੋਜਨਾ ਲਾਗੂ ਕਰਨੀ ਪੈਣੀ ਹੈ। ਐੱਫ ਏ ਟੀ ਐੱਫ ਦੀ ਇਕ ਟੀਮ ਅਗਸਤ ਵਿਚ ਵੀ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਤੇ ਅੱਤਵਾਦੀ ਸਰਪ੍ਰਸਤੀ ਰੋਕੂ ਕਾਨੂੰਨਾਂ ਅਤੇ ਸਿਸਟਮ ਵਿਚ ਕਮੀਆਂ ਦਾ ਪਤਾ ਲਾਉਣ ਲਈ ਪਾਕਿਸਤਾਨ ਦਾ ਦੌਰਾ ਕਰ ਚੁੱਕੀ ਹੈ।

# ਮੋਟਰਸਾਈਕਲ ਰੋਕਦੇ ਸਿਪਾਹੀ ਨੂੰ ਗੋਲੀ ਮਾਰ ਕੇ ਇੱਕ ਨੌਜਵਾਨ ਫਰਾਰ, ਦੂਜਾ ਕਾਬੂ

ਲੁਧਿਆਣਾ, 8 ਅਕਤੂਬਰ, (ਪੋਸਟ ਬਿਊਰੋ)- ਡੀ ਐਮ ਸੀ ਹਸਪਤਾਲ ਕੋਲ ਸੋਮਵਾਰ ਸਵੇਰੇ ਇੱਕ ਨੌਜਵਾਨ ਨੇ ਪੁਲੀਸ ਚੌਕੀ ਕੋਲ ਇਕ ਸਿਪਾਹੀ ਨੂੰ ਗੋਲੀ ਮਾਰ ਦਿੱਤੀ। ਇਹ ਸਿਪਾਹੀ ਦੋ ਸ਼ੱਕੀ ਨੌਜਵਾਨਾਂ ਵਿੱਚੋਂ ਇੱਕ ਨੂੰ ਮੋਟਰਸਾਈਕਲ ਚੋਰ ਸਮਝ ਕੇ ਕਾਬੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਵਾਰਦਾਤ ਕਰਨ ਮਗਰੋਂ ਦੋਸ਼ੀ ਫ਼ਰਾਰ ਹੋ ਗਿਆ ਤਾਂ ਲੋਕਾਂ ਨੇ ਫੱਟੜ ਸਿਪਾਹੀ ਦਵਿੰਦਰ ਸਿੰਘ (30) ਨੂੰ ਡੀ ਐਮ ਸੀ ਹਸਪਤਾਲ ਪਹੁੰਚਾਇਆ। ਗੋਲੀ ਸਿਪਾਹੀ ਦਵਿੰਦਰ ਸਿੰਘ ਦੇ ਪੱਟ ਉੱਤੇ ਲੱਗੀ ਹੈ ਅਤੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ। ਸੂਚਨਾ ਮਿਲਦੇ ਸਾਰ ਪੁਲੀਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ, ਏ ਡੀ ਸੀ ਪੀ ਸੁਰਿੰਦਰ ਲਾਂਬਾ ਅਤੇ ਹੋਰ ਅਧਿਕਾਰੀ ਮੌਕੇ ’ਤੇ ਪੁੱਜੇ। ਇਸ ਦੌਰਾਨ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਸੁਰੇਸ਼ ਅਰੋੜਾ ਨੇ ਹਸਪਤਾਲ ਪੁੱਜ ਕੇ ਜ਼ਖ਼ਮੀ ਕਾਂਸਟੇਬਲ ਦੀ ਖ਼ਬਰ ਲਈ ਅਤੇ ਉਸ ਨੂੰ ਇਕ ਲੱਖ ਰੁਪਏ ਇਨਾਮ ਦੇਣ ਦੇ ਨਾਲ ਤਰੱਕੀ ਦੇ ਕੇ ਹੈੱਡ ਕਾਂਸਟੇਬਲ ਬਣਾਉਣ ਦਾ ਐਲਾਨ ਕੀਤਾ।



ਪੁਲੀਸ ਨੇ ਜ਼ਖ਼ਮੀ ਹੋਏ ਕਾਂਸਟੇਬਲ ਦੀ ਸ਼ਿਕਾਇਤ ’ਤੇ ਰਿਸ਼ੀ ਨਗਰ ਐਕਸਟੈਨਸ਼ਨ ਦੇ ਰੋਹਿਤ ਕੁਬਾ ਤੇ ਉਸ ਦੇ ਇੱਕ ਸਾਥੀ ਦੇ ਖ਼ਿਲਾਫ਼ ਕਤਲ ਦੀ ਕੋਸ਼ਿਸ਼, ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਤੇ ਆਰਮਜ਼ ਐਕਟ ਦਾ ਕੇਸ ਦਰਜ ਕੀਤਾ ਹੈ। ਕੁਬਾ ਦੇ ਸਾਥੀ ਨੂੰ ਪੁਲੀਸ ਨੇ ਫੜ ਲਿਆ ਹੈ, ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ। ਸਿਪਾਹੀ ਦਵਿੰਦਰ ਸਿੰਘ ਕਰੀਬ ਇੱਕ ਹਫ਼ਤਾ ਪਹਿਲਾਂ ਡੀ ਐਮ ਸੀ ਵਿੱਚ ਬਣੀ ਪੁਲੀਸ ਚੌਕੀ ’ਚ ਤਾਇਨਾਤ ਹੋਇਆ ਸੀ।

ਪਤਾ ਲੱਗਾ ਹੈ ਕਿ ਅੱਜ ਪਾਰਕ ਦੇ ਕੋਲ ਰੋਹਿਤ ਕੁਬਾ ਮੋਟਰਸਾਈਕਲ ਉਤੇ ਬੈਠਾ ਹੋਇਆ ਸੀ ਤੇ ਉਸ ਦਾ ਸਾਥੀ ਕੁਝ ਦੂਰ ਖੜਾ ਸੀ। ਮੋਟਰਸਾਈਕਲ ’ਤੇ ਕੋਈ ਨੰਬਰ ਪਲੇਟ ਨਹੀਂ ਸੀ। ਸਿਪਾਹੀ ਦਵਿੰਦਰ ਸਿੰਘ ਨੂੰ ਸ਼ੱਕ ਹੋਣ ’ਤੇ ਉਸ ਨੇ ਰੋਹਿਤ ਕੁੱਬਾ ਨੂੰ ਰੋਕ ਕੇ ਕਾਗਜ਼ ਮੰਗੇ ਤਾਂ ਉਹ ਭੱਜਣ ਲੱਗਿਆ। ਸਿਪਾਹੀ ਨੇ ਰੌਲਾ ਪਾਇਆ ਤੇ ਲੋਕਾਂ ਦੀ ਮਦਦ ਨਾਲ ਉਸ ਨੇ ਰੋਹਿਤ ਨੂੰ ਫੜ ਲਿਆ ਤੇ ਜਦੋਂ ਉਸ ਨੂੰ ਚੌਕੀ ਲੈ ਕੇ ਜਾ ਰਿਹਾ ਸੀ ਤਾਂ ਰੋਹਿਤ ਨੇ ਡੱਬ ਵਿੱਚੋਂ ਦੇਸੀ ਕੱਟਾ ਕੱਢ ਕੇ ਉਸ ਨੂੰ ਮਾਰ ਚਲਾ ਦਿੱਤੀ। ਗੋਲੀ ਲੱਗਦੇ ਸਾਰ ਲੋਕ ਇੱਧਰ-ਉਧਰ ਭੱਜਣ ਲੱਗੇ ਤਾਂ ਦੋਸ਼ੀ ਫ਼ਰਾਰ ਹੋ ਗਿਆ। ਕਾਂਸਟੇਬਲ ਦਵਿੰਦਰ ਨੇ ਰੋਹਿਤ ਦੀ ਤਸਵੀਰ ਪਹਿਲਾਂ ਹੀ ਮੋਬਾਈਲ ਉੱਤੇ ਖਿੱਚ ਲਈ ਸੀ। ਜਦੋਂ ਦੋਸ਼ੀ ਫ਼ਰਾਰ ਹੋਇਆ ਤਾਂ ਉਸ ਨੇ ਆਪਣੇ ਸਿਰ ਉੱਤੇ ਬੰਨ੍ਹਿਆ ਕਾਲਾ ਕੱਪੜਾ ਲਾਹ ਦਿੱਤਾ, ਪਰ ਉਹ ਸੀ ਸੀ ਟੀ ਵੀ ਵਿੱਚ ਆ ਗਿਆ। ਪੁਲੀਸ ਨੇ ਦਵਿੰਦਰ ਦੇ ਮੋਬਾਈਲ ਅਤੇ ਸੀ ਸੀ ਟੀ ਵੀ ਕੈਮਰੇ ਵਾਲੀ ਫੋਟੋ ਨੂੰ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤਾ।

# ਆਮ ਆਦਮੀ ਪਾਰਟੀ ਦਾ ਵਰਕਰ ਚਲਦੀ ਕਾਰ ਵਿੱਚ ਜ਼ਿੰਦਾ ਸੜ ਗਿਆ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਗਾਜ਼ੀਆਬਾਦ ਜ਼ਿਲ੍ਹੇ ਵਿੱਚ ਲੋਨੀ-ਭੋਪੁਰਾ ਸੜਕ 'ਤੇ ਚਲਦੀ ਕਾਰ 'ਚ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਇੱਕ ਵਰਕਰ ਦੀ ਜ਼ਿੰਦਾ ਸੜਨ ਨਾਲ ਮੌਤ ਹੋ ਗਈ। ਮੌਕੇ 'ਤੇ ਪੁੱਜੀ ਫਾਇਰ ਬ੍ਰਿਗੇਡ ਦੀ ਮੋਟਰਗੱਡੀ ਨੇ ਅੱਗ 'ਤੇ ਕਾਬੂ ਪਾਇਆ। ਮ੍ਰਿਤਕ ਦੇ ਪਰਵਾਰ ਨੇ ਸਾਹਿਬਾਬਾਦ ਥਾਣੇ 'ਚ ਕਾਰ ਨੂੰ ਅੱਗ ਲਾ ਕੇ ਆਮ ਆਦਮੀ ਪਾਰਟੀ ਦੇ 45 ਸਾਲਾ ਵਰਕਰ ਨਵੀਨ ਕੁਮਾਰ ਦੀ ਹੱਤਿਆ ਕੀਤੇ ਜਾਣ ਦਾ ਸ਼ੱਕ ਪ੍ਰਗਟ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਦੇ ਬੁੱਧ ਨਗਰ ਇਲਾਕੇ ਵਿੱਚ ਆਪਣੇ ਪਰਵਾਰ ਨਾਲ ਰਹਿੰਦਾ ਨਵੀਨ ਕੁਮਾਰ ਈਵੈਂਟ ਮੈਨੇਜਮੈਂਟ ਦਾ ਕੰਮ ਕਰਦਾ ਸੀ। ਉਸ ਦੇ ਪਰਵਾਰਕ ਮੈਂਬਰਾਂ ਮੁਤਾਬਕ ਉਹ ਜ਼ਮੀਨ ਦਾ ਇੱਕ ਸੌਦਾ ਕਰਨ ਲਈ ਛਤਰਪੁਰ ਗਿਆ ਸੀ। ਉਸ ਨੇ ਫੋਨ 'ਤੇ ਆਪਣੀ ਭੈਣ ਨੂੰ ਦੱਸਿਆ ਕਿ ਸੌਦਾ ਹੋ ਗਿਆ ਹੈ। ਉਸ ਤੋਂ ਬਾਅਦ ਉਸ ਦਾ ਫੋਨ ਬੰਦ ਹੋ ਗਿਆ। ਪੁਲਸ ਦੇ ਮੁਤਾਬਕ ਨਵੀਨ ਜਿਸ ਕਾਰ 'ਚ ਸਵਾਰ ਸੀ, ਉਹ ਬਿਲਕੁਲ ਨਵੀਂ ਡੀਜ਼ਲ ਨਾਲ ਚੱਲਣ ਵਾਲੀ ਕਾਰ ਸੀ। ਆਮ ਤੌਰ 'ਤੇ ਡੀਜ਼ਲ ਨਾਲ ਚੱਲਣ ਵਾਲੀ ਕਾਰ ਨੂੰ ਅੱਗ ਨਹੀਂ ਲੱਗਦੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇਨਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

# ਕੁੱਤੇ ਨੂੰ ਟੱਕਰ ਲੱਗਣ ਕਾਰਨ ਟੈਂਪੂ ਚਾਲਕ ਨੂੰ ਮਾਰ ਦਿੱਤਾ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਸਥਾਨਕ ਮੋਹਨ ਗਾਰਡਨ ਵਿੱਚ ਸ਼ੁੱਕਰਵਾਰ ਰਾਤ ਇੱਕ ਸਾਮਾਨ ਲੱਦਣ ਵਾਲੇ ਟੈਂਪੂ ਨਾਲ ਕੁੱਤੇ ਨੂੰ ਹਲਕੀ ਜਿਹੀ ਟੱਕਰ ਲੱਗ ਗਈ ਤਾਂ ਕੁੱਤੇ ਦੇ ਮਾਲਕ ਨੇ ਚਾਕੂ ਮਾਰ ਕੇ ਟੈਂਪੂ ਚਾਲਕ ਵਜਿੰਦਰ ਰਾਣਾ ਦੀ ਹੱਤਿਆ ਕਰ ਦਿੱਤੀ। ਬਚਾਅ ਲਈ ਆਏ ਉਸ ਦੇ ਵੱਡੇ ਭਰਾ ਨੂੰ ਵੀ ਜ਼ਖਮੀ ਕਰ ਦਿੱਤਾ ਗਿਆ। ਦੀਨਦਿਆਲ ਉਪਾਧਿਆਏ ਹਸਪਤਾਲ ਵਿੱਚ ਉਨ੍ਹਾਂ ਦੀ ਹਾਲਤ ਗੰਭੀਰ ਹੈ। ਦੋਸ਼ੀ ਅੰਕਿਤ ਵੀ ਟੈਂਪੂ ਦਾ ਮਾਲਕ ਹੈ।

ਪੁਲਸ ਨੇ ਕਤਲ ਕੇਸ ਦਰਜ ਕਰ ਕੇ ਦੋਸ਼ੀ ਅੰਕਿਤ, ਉਸ ਦੇ ਭਰਾ ਪਾਰਸ, ਕਿਰ-ਾਏਦਾਰ ਦੇਵ ਚੋਪੜਾ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਪੁਲਸ ਨੇ ਦੱਸਿਆ ਕਿ ਵਜਿੰਦਰ ਰਾਣਾ ਸ਼ੁੱਕਰਵਾਰ ਰਾਤ ਕਰੀਬ ਸਾਢੇ ਬਾਰ੍ਹਾਂ ਵਜੇ ਟੈਂਪੂ ਲੈ ਕੇ ਘਰ ਜਾ ਰਹੇ ਸਨ। ਮੋਹਨ ਗਾਰਡਨ ਗੁਰਦੁਆਰਾ ਰੋਡ ਦੇ ਅੰਦਰ ਗਲੀ ਵਿੱਚ ਅੰਕਿਤ ਦੇ ਪਾਲਤੂ ਕੁੱਤੇ ਨੂੰ ਟੈਂਪੂ ਦੀ ਟੱਕਰ ਨਾਲ ਹਲਕੀ ਖਰੋਚ ਆ ਗਈ। ਇਸੇ ਤੋਂ ਅੰਕਿਤ ਅਤੇ ਵਜਿੰਦਰ ਵਿੱਚ ਬਹਿਸ ਹੋ ਗਈ। ਇਸ ਦੇ ਬਾਅਦ ਵਜਿੰਦਰ ਆਪਣੇ ਘਰ ਦੀ ਗਲੀ ਵਿੱਚ ਪਹੁੰਚੇ ਅਤੇ ਉਸ ਦਾ ਬੇਟਾ ਨਿਖਿਲ ਗੇਟ ਖੋਲ੍ਹ ਹੀ ਰਿਹਾ ਸੀ ਕਿ ਅੰਕਿਤ, ਪਾਰਸ ਅਤੇ ਦੇਵ ਚੋਪੜਾ ਉਥੇ ਪਹੁੰਚ ਗਏ। ਵਜਿੰਦਰ ਨੂੰ ਟੈਂਪੂ 'ਚੋਂ ਬਾਹਰ ਖਿਚਿਆ ਅਤੇ 100 ਮੀਟਰ ਤੱਕ ਘਸੀਟਦੇ ਹੋਏ ਅੰਕਿਤ ਦੇ ਘਰ ਦੇ ਸਾਹ-ਮਣੇ ਲਿਜਾ ਕੇ ਕੁੱਟਮਾਰ ਕੀਤੀ। ਫਿਰ ਚਾਕੂ ਨਾਲ ਕਤਲ ਕਰ ਦਿੱਤਾ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
Body Centre
Specializing in:
- Collision - Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
MINISTRY APPROVED SALVAGE INSPECTION STATION
Daljit Singh President
308 Rutherford Road Brampton
905-874-9878
WE DEAL WITH ALL INSURANCE COMPANIES
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
Satnam Singh Lic. Auto Body Technician
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਕਾਫ਼ਲੇ ਦੀ ਮੀਟਿੰਗ ਵਿੱਚ ਡਾ. ਨਾਹਰ ਸਿੰਘ ਦੀ ਕਿਤਾਬ 'ਪੰਜਾਬ ਦੀ ਲੋਕਧਾਰਾ' ਰਿਲੀਜ਼

## ਗੁਰਜੀਤ ਸਹੋਤਾ ਅਤੇ ਮਲਵਿੰਦਰ ਸਿੰਘ ਮਹਿਮਾਨ ਕਵੀਆਂ ਵਜੋਂ ਸ਼ਾਮਲ ਹੋਏ

### 'ਵਾਰਤਿਕ ਦਾ ਵੀ ਆਪਣਾ ਇੱਕ ਪਿੰਗਲ ਹੈ': ਪ੍ਰਿੰ. ਸਰਵਣ ਸਿੰਘ



ਟਰਾਂਟੋ:- 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ 29 ਸਤੰਬਰ ਨੂੰ ਹੋਈ ਮੀਟਿੰਗ ਵਿੱਚ ਜਿੱਥੇ ਚੰਗੀ ਵਾਰਤਿਕ ਦੇ ਗੁਣਾਂ ਬਾਰੇ ਚਰਚਾ ਹੋਈ ਓਥੇ ਡਾ. ਨਾਹਰ ਸਿੰਘ ਦੀ ਕਿਤਾਬ ਵੀ ਰਲੀਜ਼ ਕੀਤੀ ਗਈ, ਗੁਰਜੀਤ ਸਹੋਤਾ ਅਤੇ ਸ਼ਾਇਰ ਮਲਵਿੰਦਰ ਇਸ ਮੀਟਿੰਗ ਵਿੱਚ ਮਹਿਮਾਨ ਸ਼ਾਇਰ ਵਜੋਂ ਸ਼ਾਮਲ ਹੋਏ, ਅਤੇ ਹਾਜ਼ਰ ਲੇਖਕਾਂ ਦੀਆਂ ਰਚਨਾਵਾਂ ਵੀ ਸੁਣੀਆਂ ਗਈਆਂ।ਵਾਰਤਿਕ ਦੀ ਵਿਧਾ ਬਾਰੇ ਗੱਲ ਕਰਦਿਆਂ ਪ੍ਰਿੰ. ਸਰਵਣ ਸਿੰਘ ਨੇ ਕਿਹਾ ਕਿ ਮਿਆਰੀ ਵਾਰਤਿਕ ਲਿਖਣਾ ਹਾਕੀ ਖੇਡਣ ਵਾਂਗ ਹੈ ਜਿਸ ਵਿੱਚ ਲੇਖਕ ਖਿਡਾਰੀ ਵਾਂਗ ਹੀ ਕਲਮ ਅਤੇ ਸ਼ਬਦਾਂ ਨਾਲ਼ ਖੇਡਦਾ ਹੈ: ਉਸੇ ਤਰ੍ਹਾਂ ਹੀ ਲੰਮੇ, ਛੋਟੇ ਪਾਸ ਦਿੰਦਾ ਅਤੇ ਨੈੱਟ 'ਤੇ ਨਿਸ਼ਾਨੇ ਲਾਉਂਦਾ ਹੈ। ਉਨ੍ਹਾਂ ਕਿਹਾ ਕਿ ਗ਼ਜ਼ਲ ਅਤੇ ਕਵਿਤਾ ਲਿਖਣ ਵਾਂਗ ਹੀ ਵਾਰਤਿਕ ਦਾ ਵੀ ਇੱਕ (ਅਣਐਲਾਨਿਆ) ਪਿੰਗਲ ਹੈ ਜਿਸ ਅਨੁਸਾਰ ਵਾਰਤਿਕ ਨੂੰ ਮਿਆਰੀ ਬਣਾਉਣ ਲਈ ਲੇਖਕ ਨੂੰ ਛੋਟੇ ਤੋਂ ਛੋਟੇ ਵਾਕ ਨੂੰ ਵੀ ਵਾਰ ਵਾਰ ਸੋਧਣਾ ਅਤੇ ਲਿਖਣਾ ਪੈਂਦਾ ਹੈ ਅਤੇ ਸਰਲਤਾ ਨਾਲ਼ ਇੱਕ ਦੂਸਰੇ ਨਾਲ਼ ਜੁੜਨ ਵਾਲ਼ੇ ਸ਼ਬਦ ਲੱਭਣੇ ਪੈਂਦੇ ਨੇ। ਉਨ੍ਹਾਂ ਕਿਹਾ ਕਿ ਲੇਖਕ ਨੂੰ ਚਾਹੀਦਾ ਹੈ ਕਿ ਵਾਰ ਵਾਰ ਆਪਣੇ ਲਿਖੇ ਸ਼ਬਦ- ਜੋੜ ਦੇ ਵਹਾ ਨੂੰ ਅਤੇ ਫਿਰ ਸ਼ਬਦ-ਜੋੜ ਤੋਂ ਬਣੇ ਵਾਕ ਦੇ ਮਹੱਤਵ ਨੂੰ ਪਰਖੇ ਅਤੇ ਵੇਖੇ ਕਿ ਕੀ ਬਣਾਇਆ ਗਿਆ ਵਾਕ ਅਸਰਦਾਰ ਵੀ ਹੈ ਜਾਂ ਨਹੀਂ?

ਉਨ੍ਹਾਂ ਕਿਹਾ ਕਿ ਲਿਖਤ ਦਾ ਪਹਿਲਾ ਵਾਕ ਖਿੱਚ-ਪਾਉਣ ਵਾਲ਼ਾ ਅਤੇ ਏਨਾ ਅਸਰਦਾਰ ਹੋਣਾ ਚਾਹੀਦਾ ਹੈ ਕਿ ਪਾਠਕ ਨੂੰ ਆਪਣੇ ਨਾਲ਼ ਜੋੜ ਲਵੇ। ਇਸ ਦੀ ਪ੍ਰੋੜ੍ਹਤਾ ਕਰਦਿਆਂ ਉਨ੍ਹਾਂ ਕਿਹਾ ਕਿ ਵੱਖ ਵੱਖ ਨਾਮਵਰ ਲੇਖਕ ਵੱਖ ਵੱਖ ਤਰੀਕੇ ਅਪਣਾਉਂਦੇ ਰਹੇ ਨੇ, ਜਿਵੇਂ ਗਾਰਗੀ ਅਕਸਰ ਹੀ ਆਪਣੀ ਰਚਨਾ ਨੂੰ ਆਕਰਸ਼ਿਕ ਬਣਾਉਣ ਲਈ "ਸੈਕਸ ਦਾ ਤੜਕਾ" ਲਾਉਂਦਾ ਸੀ। ਅਭਿਆਸ ਦੀ ਮਹੱਤਤਾ ਦੱਸਦਿਆਂ ਉਨ੍ਹਾਂ ਕਿਹਾ ਕਿ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਲਿਖਤ ਦੇ ਏਨਾ ਮਸ਼ਹੂਰ ਹੋਣ ਦਾ ਇੱਕ ਕਾਰਨ ਇਹ ਵੀ ਸੀ ਕਿ ਉਹ ਪ੍ਰੀਤਲੜੀ ਦਾ ਸੰਪਦਾਕ ਸੀ ਤੇ ਹਰ ਅੰਕ ਲਈ ਸੰਪਦਾਕੀ ਲਿਖਦਿਆਂ ਉਸਦਾ ਪਾਠਕਾਂ ਵੱਲੋਂ ਇਮਤਿਹਾਨ ਹੁੰਦਾ ਸੀ ਤੇ ਉਸਨੂੰ ਹਰ ਵਾਰ ਨਵੇਂ ਸ਼ਬਦ ਤਲਾਸ਼ਣੇ ਪੈਂਦੇ ਸਨ।

ਵਾਰਤਿਕ ਦਾ ਨਮੂੰਨਾ ਪੇਸ਼ ਕਰਨ ਲਈ ਬ੍ਰਜਿੰਦਰ ਗੁਲਾਟੀ ਵੱਲੋਂ ਸੁਰਜਨ ਜ਼ੀਰਵੀ ਹੁਰਾਂ ਦੀ ਕਿਤਾਬ 'ਇਹ ਹੈ ਬਾਰੀ ਸੰਸਾਰ' ਵਿੱਚੋਂ ਇਸਦਾ ਮੁੱਖ ਲੇਖ ਪੜ੍ਹ ਕੇ ਸਾਂਝਾ ਕੀਤਾ ਗਿਆ ਕਿ ਕਿਸ ਤਰ੍ਹਾਂ ਜ਼ੀਰਵੀ ਜੀ ਆਪਣੇ ਸਿਆਸੀ ਲੇਖ ਨੂੰ ਆਕਰਸ਼ਿਕ ਬਣਾਉਂਦੇ ਨੇ।

ਇਸਤੋਂ ਬਾਅਦ ਡਾ. ਨਾਹਰ ਸਿੰਘ ਦੀ ਵਾਰਤਿਕ ਦੀ ਕਿਤਾਬ 'ਪੰਜਾਬ ਦੀ ਲੋਕਧਾਰਾ: ਚਿੰਤਾ ਅਤੇ ਚਿੰਤਨ' ਰਲੀਜ਼ ਕੀਤੀ ਗਈ। ਇਸ ਕਿਤਾਬ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਲੰਮੇਂ ਸਮੇਂ ਤੋਂ ਪੰਜਾਬ ਦੇ ਵਿਰਸੇ ਅਤੇ ਸੱਭਿਆਚਾਰ ਬਾਰੇ ਖੋਜ-ਭਰਪੂਰ ਵਾਰਤਿਕ ਲਿਖਦੇ ਆ ਰਹੇ ਡਾ. ਨਾਹਰ ਸਿੰਘ ਦੀ ਇਹ ਕਿਤਾਬ ਵੀ ਆਪਣੇ ਵਿਸ਼ਿਆਂ ਦੀ ਗਹਿਰੀ ਜਾਣਕਾਰੀ ਪ੍ਰਦਾਨ ਕਰਦੀ ਹੈ ਤੇ ਪਾਠਕ ਦੀ ਸੂਝ ਦਾ ਦਾਇਰਾ ਵਿਸ਼ਾਲ ਕਰਦੀ ਹੈ। ਡਾ. ਨਾਹਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸਾਰਾ ਕੰਮ 12 ਜਿਲਦਾਂ ਵਿੱਚ ਹੈ ਜਿਨ੍ਹਾਂ ਵਿੱਚੋਂ 10 ਜਿਲਦਾਂ ਤਿਆਰ ਕਰਕੇ ਉਹ ਪਟਿਆਲਾ ਯੂਨੀਵਰਸਿਟੀ ਨੂੰ ਦੇ ਚੁੱਕੇ ਨੇ ਤੇ ਦੋ ਜਿਲਦਾਂ ਬਾਕੀ ਨੇ। ਛਪਾਈ ਅਧੀਨ ਕੰਮ ਵਿੱਚ ਪਾਸ਼ ਅਤੇ ਹੋਰ 10-12 ਲੇਖਕਾਂ ਬਾਰੇ ਲੇਖ ਵੀ ਸ਼ਾਮਲ ਨੇ। ਸਮੇਂ ਦੀ ਮਜਬੂਰੀ ਨੂੰ ਸਮਝਦਿਆਂ ਹਾਜ਼ਰ ਮਹਿਮਾਨਾਂ ਨੇ ਬਹੁਤ ਸੰਖੇਪ ਵਿੱਚ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਅਤੇ ਜਗਰਾਓਂ ਸਾਹਿਤ ਸਭਾ ਨਾਲ਼ ਸਬੰਧਤ ਗੁਰਜੀਤ ਸਹੋਤਾ ਤੇ ਸ਼ਾਇਰ ਮਲਵਿੰਦਰ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਕਾਫ਼ਲੇ ਦੀ ਮੀਟਿੰਗ ਵਿੱਚ ਸੁਰਜਨ ਜ਼ੀਰਵੀ, ਪ੍ਰਿੰ. ਸਰਵਣ ਸਿੰਘ, ਵਰਿਆਮ ਸਿੰਘ ਸੰਧੂ, ਅਤੇ ਜਰਨੈਲ ਸਿੰਘ ਕਹਾਣੀਕਾਰ ਵਰਗੇ ਲੇਖਕਾਂ ਨੂੰ ਸ਼ਾਮਲ ਵੇਖ ਕੇ ਅਤੇ ਵਿਚਾਰ ਸੁਣ ਕੇ ਬਹੁਤ ਚੰਗਾ ਲੱਗਾ।

ਸਮੇਂ ਦੀ ਘਾਟ ਕਾਰਨ ਹਾਜ਼ਰ ਲੇਖਕਾਂ ਵਿੱਚੋਂ ਸਿਰਫ ਨੀਟਾ ਬਲਵਿੰਦਰ, ਜਗੀਰ ਸਿੰਘ ਕਾਹਲੋਂ, ਅਤੇ ਮੀਟਿੰਗ ਵਿੱਚ ਪਹਿਲੀ ਵਾਰ ਹਾਜ਼ਰ ਹੋਏ ਨੌਜਵਾਨ ਕਵੀ ਚੈਟੀ ਕਾਲੀਆ ਨੂੰ ਰਚਨਾਵਾਂ ਸੁਣਾਉਣ ਦਾ ਮੌਕਾ ਮਿਲ਼ ਸਕਿਆ ਜਦਕਿ ਸ਼ਿਵਰਾਜ ਸਨੀ ਅਤੇ ਰਿੰਟੂ ਭਾਟੀਆ ਨੇ ਆਪਣੇ ਸ਼ਾਨਦਾਰ ਤਰੰਨਮ ਵਿੱਚ ਗ਼ਜ਼ਲਾਂ ਪੇਸ਼ ਕੀਤੀਆਂ। ਉਪਰੋਕਤ ਲੇਖਕਾਂ ਤੋਂ ਇਲਾਵਾ ਮੀਟਿੰਗ ਵਿੱਚ ਗੁਰਜਿੰਦਰ ਸੰਘੇੜਾ, ਮਨਮੋਹਨ ਗੁਲਾਟੀ, ਰਜਵੰਤ ਕੌਰ ਸੰਧੂ, ਸੁਰਿੰਦਰ ਖਹਿਰਾ, ਰਛਪਾਲ ਕੌਰ ਗਿੱਲ, ਕੁਲਦੀਪ ਕੌਰ ਗਿੱਲ, ਜਸਵਿੰਦਰ ਸੰਧੂ, ਪ੍ਰੋ. ਰਾਮ ਸਿੰਘ, ਕਿਰਪਾਲ ਸਿੰਘ ਪੰਨੂੰ, ਪੂਰਨ ਸਿੰਘ ਪਾਂਧੀ, ਗੁਰਦੇਵ ਸਿੰਘ ਮਾਨ, ਪਰਮਜੀਤ ਦਿਓਲ, ਬਲਦੇਵ ਦੂਹੜੇ, ਗੁਰਦਿਆਲ ਸਿੰਘ ਬੱਲ, ਤਰਲੋਚਨ ਸਿੰਘ ਗਿੱਲ, ਗੁਰਬਚਨ ਕੰਬੋ, ਕੁਲਵੰਤ ਅਤੇ ਨਛੱਤਰਪਾਲ ਸਿੰਘ ਗਿੱਲ, ਅਤੇ ਸੁਖਜੀਤ ਲਹਿਲ, ਆਦਿ ਸ਼ਾਮਲ ਹੋਏ। ਸਟੇਜ ਦੀ ਕਾਰਵਾਈ ਕੁਲਵਿੰਦਰ ਖਹਿਰਾ ਵੱਲੋਂ ਨਿਭਾਈ ਗਈ ਜਦਕਿ ਮੀਟਿੰਗ ਦੀ ਸਮੁੱਚੀ ਕਾਰਵਾਈ ਨੂੰ ਮਨਮੋਹਨ ਗੁਲਾਟੀ, ਬ੍ਰਜਿੰਦਰ ਗੁਲਾਟੀ, ਪਰਮਜੀਤ ਦਿਓਲ, ਅਤੇ ਰਿੰਟੂ ਭਾਟੀਆ ਵੱਲੋਂ ਬਾਖੂਬੀ ਨਿਭਾਇਆ ਗਿਆ।

# ਡੋਨਾਲਡ ਟਰੰਪ ਨੂੰ ਜ਼ਹਿਰੀਲੀ ਚਿੱਠੀ ਭੇਜਣ ਵਾਲਾ ਅਮਰੀਕੀ ਫੌਜੀ ਨਿਕਲਿਆ

ਵਾਸ਼ਿੰਗਟਨ, 8 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਨੇਵੀ (ਸਮੁੰਦਰੀ ਫੌਜ) ਦੇ ਇੱਕ ਵੈਟਰਨ ਨੂੰ ਇਸ ਸ਼ੁੱਕਰਵਾਰ ਨੂੰ ਓਟਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਉੱਤੇ ਦੋਸ਼ ਹੈ ਕਿ ਉਸ ਨੇ ਰਾਸ਼ਟਰਪਤੀ ਡੋਨਾਲਡ ਟਰੰਪ, ਰੱਖਿਆ ਮੰਤਰੀ ਜਿਮ ਮੈਟਿਸ, ਐੱਫ ਬੀ ਆਈ ਦੇ ਡਾਇਰੈਕਟਰ ਤੇ ਇਕ ਐਡਮਿਰਲ ਨੂੰ ਕੈਸਟਰ ਦੇ ਬੀਜਾਂ ਨਾਲ ਭਰੀ ਜ਼ਹਿਰੀਲੀ ਚਿੱਠੀ ਭੇਜੀ ਸੀ। ਇਨ੍ਹਾਂ ਬੀਜਾਂ ਤੋਂ ਖਤਰਨਾਕ ਜ਼ਹਿਰ ਰਾਇਸੀਨ ਤਿਆਰ ਕੀਤਾ ਜਾਂਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਗ੍ਰਿਫਤਾਰ ਕੀਤੇ ਵਿਲੀਅਮ ਸਿਲਡੇ ਐਲੇਨ ਥਰਡ ਉੱਤੇ ਸਾਲਟ ਲੇਕ ਦੀ ਸਿਟੀ ਕੋਰਟ ਵੱਲੋਂ ਦੋਸ਼ ਲਾਏ ਗਏ ਹਨ ਕਿ ਉਸ ਨੇ ਬਾਇਓਲਾਜੀਕਲ ਤੱਤਾਂ ਨੂੰ ਜ਼ਹਿਰ ਦੇ ਤੌਰ ਉੱਤੇ ਵਰਤਦੇ ਹੋਏ ਰਾਸ਼ਟਰਪਤੀ ਅਤੇ ਬਾਕੀ ਪ੍ਰਮੁੱਖ ਵਿਅਕਤੀਆਂ ਲਈ ਜਾਨਲੇਵਾ ਕੋਸ਼ਿਸ਼ ਕੀਤੀ ਹੈ। ਐਲੇਨ (39 ਸਾਲ) ਉੱਤੇ ਦੋਸ਼ ਸਹੀ ਸਾਬਤ ਹੋਇਆ ਤਾਂ ਫਿਰ ਉਸ ਨੂੰ ਜ਼ਿੰਦਗੀ ਭਰ ਜੇਲ 'ਚ ਰਹਿਣਾ ਹੋਵੇਗਾ। ਜਿਹੜੀਆਂ ਚਿੱਠੀਆਂ ਐਲੇਨ ਨੇ ਭੇਜੀਆਂ ਸਨ, ਉਹ ਕਿਸੇ ਨੂੰ ਮਿਲ ਨਹੀਂ ਸਕੀਆਂ ਅਤੇ ਇਸ ਲਈ ਸਾਰਿਆਂ ਦੀ ਜਾਨ ਬਚ ਗਈ ਸੀ। ਅਮਰੀਕਾ ਦੇ ਫੌਜੀ ਹੈੱਡ ਕੁਆਰਟਰ ਪੈਂਟਾਗਨ ਨੇ ਇਹ ਦੀ ਪੁਸ਼ਟੀ ਨਹੀਂ ਕੀਤੀ ਕਿ ਚਿੱਠੀਆਂ ਵਿੱਚ ਰਾਇਸੀਨ ਨਾਂ ਦੇ ਜ਼ਹਿਰੀਲੇ ਤੱਤ ਸਨ। ਪੈਂਟਾਗਨ ਦੇ ਬੁਲਾਰੇ ਕ੍ਰਿਸ ਸ਼ੇਰਵੁੱਡ ਨੇ ਦੱਸਿਆ ਕਿ ਇਸ ਕੇਸ ਦੀ ਜਾਂਚ ਸਬੰਧਤ ਏਜੰਸੀਆਂ ਨਾਲ ਮਿਲ ਕੇ ਕੀਤੀ ਜਾਵੇਗੀ, ਪਰ ਫਿਲਹਾਲ ਪੈਂਟਾਗਨ ਅਜੇ ਇਸ ਦੀ ਅਧਿਕਾਰਤ ਜਾਣਕਾਰੀ ਮਿਲਣ ਦਾ ਉਡੀਕ ਕਰ ਰਿਹਾ ਹੈ ਕਿ ਲਿਫਾਫੇ 'ਚ ਰਾਇਸੀਨ ਸੀ ਜਾਂ ਕੁਝ ਹੋਰ। ਇਸ ਜਾਂਚ ਲਈ ਐੱਫ ਬੀ ਆਈ ਨੂੰ ਕਿਹਾ ਗਿਆ ਹੈ। ਵਰਨਣ ਯੋਗ ਹੈ ਕਿ ਇਹ ਚਿੱਠੀਆਂ ਅਮਰੀਕੀ ਰੱਖਿਆ ਮੰਤਰੀ ਜਿਮ ਮੈਟਿਸ ਅਤੇ ਅਮਰੀਕੀ ਸਮੁੰਦਰੀ ਫੌਜ ਦੇ ਚੀਫ ਐਡਮਿਰਲ ਜਾਨ ਰਿਚਰਡਸਨ ਨੂੰ ਲਿਖੀਆਂ ਗਈਆਂ ਸਨ। ਪੈਂਟਾਗਨ ਵਿੱਚ ਆਈਆਂ ਚਿੱਠੀਆਂ ਦੀ ਜਾਂਚ ਲਈ ਮੇਨ ਬਿਲਡਿੰਗ ਤੋਂ ਬਾਹਰ ਵੀ ਮੇਨ ਬਿਲਡਿੰਗ ਹੈ। ਜਾਂਚ ਸੈਂਟਰ ਦੇ ਕਰਮਚਾਰੀ ਨੂੰ ਸਭ ਤੋਂ ਪਹਿਲਾਂ ਚਿੱਠੀਆਂ ਵਿੱਚ ਰਾਇਸੀਨ ਦੇ ਹੋਣ ਦਾ ਸ਼ੱਕ ਹੋਇਆ ਸੀ। ਰਾਇਸੀਨ ਦੀ ਵਰਤੋਂ ਅੱਤਵਾਦੀ ਸਾਜਿਸ਼ ਲਈ ਕੀਤੀ ਜਾਂਦੀ ਹੈ।

ਇਕ ਅਮਰੀਕੀ ਨਿਊਜ਼ ਚੈਨਲ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਵ੍ਹਾਈਟ ਹਾਊਸ ਤੇ ਪੈਂਟਾਗਨ ਨੂੰ ਭੇਜੀਆਂ ਗਈਆਂ ਚਿੱਠੀਆਂ ਆਪੋ ਵਿੱਚ ਜੁੜੀਆਂ ਹਨ। ਦੋਵਾਂ ਵਿੱਚ ਕੈਸਟਰ ਆਇਲ ਦੇ ਬੀਜ ਤੋਂ ਬਣਿਆ ਪਦਾਰਥ ਰਾਇਸੀਨ ਹੈ, ਪਰ ਅਜੇ ਇਸ ਦੀ ਅਧਿਕਾਰਕ ਪੁਸ਼ਟੀ ਨਾ ਹੋਣ ਕਾਰਨ ਅਜੇ ਇਸ ਦਾ ਨਾਂ ਨਹੀਂ ਦੱਸਿਆ ਜਾ ਰਿਹਾ ਹੈ। ਰਾਇਸੀਨ ਏਨਾ ਖਤਰਨਾਕ ਹੈ ਕਿ ਜੇ ਇਸ ਨੂੰ ਖਾਧਾ ਜਾਂ ਇੰਜੈਕਸ਼ਨ ਦੇ ਰੂਪ 'ਚ ਦਿੱਤਾ ਜਾਵੇ ਤਾਂ ਸਕਿੰਟਾਂ ਦੇ ਅੰਦਰ ਕਿਸੇ ਦੀ ਵੀ ਮੌਤ ਹੋ ਸਕਦੀ ਹੈ। ਇਸ ਦਾ ਪ੍ਰਭਾਵ ਸਾਇਨਾਈਡ ਦੇ ਮੁਕਾਬਲੇ 6,000 ਗੁਣਾ ਵੱਧ ਹੁੰਦਾ ਹੈ।

# ਦਿਓਰ ਲਈ ਰਿਸ਼ਤਾ ਨਾ ਲੱਭਣ ਕਾਰਨ ਮੈਟਰੀਮੋਨੀਅਲ ਕੰਪਨੀ ਨੂੰ 57 ਹਜ਼ਾਰ ਜੁਰਮਾਨਾ

ਚੰਡੀਗੜ੍ਹ, 8 ਅਕਤੂਬਰ (ਪੋਸਟ ਬਿਊਰੋ)- ਇਕ ਭਾਬੀ ਨੇ ਆਪਣੇ ਦਿਓਰ ਦੇ ਲਈ ਕੁੜੀ ਲੱਭਣ ਲਈ ਮੈਟਰੀਮੋਨੀਅਲ ਕੰਪਨੀ ਨਾਲ ਐਗਰੀਮੈਂਟ ਕੀਤਾ ਸੀ। ਇਸ ਲਈ ਉਨ੍ਹਾਂ ਨੇ ਆਪਣੇ ਦਿਓਰ ਲਈ ਇਕ ਚੰਗੀ ਅਤੇ ਪਰਵਾਰਕ ਕੁੜੀ ਲੱਭਣ ਲਈ ਮੈਟਰੀਮੋਨੀਅਲ ਕੰਪਨੀ ਨੂੰ 50 ਹਜ਼ਾਰ ਰੁਪਏ ਰਜਿਸਟਰੇਸ਼ਨ ਫੀਸ ਦਿੱਤੀ ਸੀ, ਪਰ ਮੈਟਰੀਮੋਨੀਅਲ ਕੰਪਨੀ ਸਮੇਂ ਸਿਰ ਉਸ ਦੇ ਦਿਓਰ ਦੇ ਲਈ ਚੰਗੀ ਕੁੜੀ ਨਹੀਂ ਲੱਭ ਸਕੀ। ਕੰਜ਼ਿਊਮਰ ਕੋਰਟ ਨੇ ਵੈਡਿੰਗ ਵਿਸ਼ ਪ੍ਰਾਈਵੇਟ ਲਿਮਟਿਡ ਕੰਪਨੀ 'ਤੇ 57 ਹਜ਼ਾਰ ਰੁਪਏ ਜੁਰਮਾਨਾ ਦੇਣ ਦਾ ਹੁਕਮ ਜਾਰੀ ਕੀਤਾ ਹੈ।

ਕੰਜ਼ਿਊਮਰ ਕੋਰਟ 'ਚ ਕੀਤੀ ਗਈ ਸ਼ਿਕਾਇਤ ਮੁਤਾਬਕ ਅੰਬਾਲਾ ਦੀ ਰਹਿਣ ਵਾਲੀ ਨੇਹਾ ਅਗਰਵਾਲ ਨੇ ਆਪਣੇ ਦਿਓਰ ਲਈ ਚੰਗੀ ਕੁੜੀ ਲੱਭਣ ਵਾਸਤੇ ਸੈਕਟਰ 36 ਡੀ ਵਿਚਲੀ ਵੈਡਿੰਗ ਵਿਸ਼ ਪ੍ਰਾਈਵੇਟ ਲਿਮਟਿਡ ਮੈਟਰੀਮੋਨੀਅਲ ਕੰਪਨੀ ਨਾਲ 29 ਅਕਤੂਬਰ 2015 ਨੂੰ ਐਗਰੀਮੈਂਟ ਕੀਤਾ ਸੀ। ਮੈਟਰੀਮੋਨੀਅਲ ਕੰਪਨੀ ਨਾਲ ਇਸ ਰਾਇਲ ਪਲਾਨ ਦੇ ਲਈ ਗਾਹਕ ਨੇ ਕੰਪਨੀ ਨੂੰ ਰਜਿਸਟਰੇਸ਼ਨ ਫੀਸ 50,000 ਰੁਪਏ ਦਿੱਤੇ ਤੇ ਇਹ ਪਲਾਨ 12 ਮਹੀਨੇ ਲਈ ਕੰਪਨੀ ਵੱਲੋਂ ਆਪਣੇ ਗਾਹਕ ਨੂੰ ਦਿੱਤਾ ਗਿਆ ਸੀ। ਇਸ ਸਮੇਂ ਦੌਰਾਨ ਮੈਟਰੀਮੋਨੀਅਲ ਕੰਪਨੀ ਨੂੰ ਗਾਹਕ ਨਾਲ ਕੀਤੇ ਐਗਰੀਮੈਂਟ ਮੁਤਾਬਕ ਗਾਹਕ ਨੂੰ ਉਨ੍ਹਾਂ ਦੀ ਪਸੰਦ ਦੀ ਕੁੜੀ ਲੱਭ ਕੇ ਦੇਣੀ ਸੀ। ਤਿੰਨ ਮਹੀਨਿਆਂ ਬਾਅਦ ਹੀ ਮੈਟਰੀਮੋਨੀਅਲ ਕੰਪਨੀ ਕੀਤੇ ਐਗਰੀਮੈਂਟ ਖਿਲਾਫ ਗਾਹਕ ਦੇ ਦਿਓਰ ਲਈ ਇਕ ਵੀ ਕੁੜੀ ਲੱਭ ਕੇ ਨਾ ਦੇ ਸਕੀ ਤਾਂ ਕੰਜ਼ਿਊਮਰ ਕੋਰਟ ਦੇ ਕੋਲ ਸ਼ਿਕਾਇਤ ਕਰ ਦਿੱਤੀ ਗਈ, ਜਿੱਥੋਂ ਮੈਟਰੀਮੋਨੀਅਲ ਕੰਪਨੀ ਨੂੰ ਜੁਰਮਾਨ ਹੋ ਗਿਆ ਹੈ।

# ਭਾਰਤ ਵਿੱਚ ਹੁੰਦੀਆਂ ਹਨ ਸਭ ਤੋਂ ਵੱਧ 'ਸੈਲਫੀ ਡੈਥਸ'

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਅੱਜ ਕੱਲ੍ਹ ਸੈਲਫੀ ਦਾ ਹਰ ਕੋਈ ਦੀਵਾਨਾ ਜਾਪਦਾ ਹੈ, ਪਰ ਭਾਰਤ ਵਿੱਚ ਇਸ ਸ਼ੌਕ ਵਾਸਤੇ ਕਈ ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪੈ ਰਿਹਾ ਹੈ। ਬੀਤੇ ਦੋ ਸਾਲਾਂ ਵਿੱਚ ਦੁਨੀਆ ਵਿੱਚ 127 ਲੋਕ ਸੈਲਫੀ ਕਲਿੱਕ ਕਰਨ ਦੇ ਚੱਕਰ ਵਿੱਚ ਮਾਰੇ ਗਏ ਹਨ, ਇਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ 76 ਮੌਤਾਂ ਭਾਰਤ ਵਿੱਚ ਹੋਈਆਂ ਹਨ। 'ਸੈਲਫੀ ਡੈਥ' ਦੇ ਮਾਮਲੇ ਵਿੱਚ ਭਾਰਤ ਦੇ ਬਾਅਦ ਦੂਸਰਾ ਸਥਾਨ ਪਾਕਿਸਤਾਨ ਦਾ ਹੈ।


ਦਿੱਲੀ ਦੇ ਸਰਕਾਰੀ ਆਈ ਆਈ ਟੀ ਅਤੇ ਅਮਰੀਕਾ ਦੀ ਕਾਰਨੇਜੀ ਯੂਨੀਵਰਸਿਟੀ ਨੇ ਇਸ ਬਾਰੇ ਸਾਂਝੀ ਖੋਜ ਕੀਤੀ ਹੈ। ਇਸ ਖੋਜ ਦਾ ਨਾਮ 'ਮੀ, ਮਾਈ ਸੈਲਫੀ ਐਂਡ ਮਾਈ ਕਿਲਫੀ' ਹੈ। ਇਸ ਦੀ ਰਿਪੋਰਟ ਅਨੁਸਾਰ ਸਾਲ 2014 ਤੋਂ ਸਤੰਬਰ 2016 ਤੱਕ ਭਾਰਤ ਵਿੱਚ 76, ਪਾਕਿ-ਸਤਾਨ ਵਿੱਚ 9 ਅਤੇ ਅਮਰੀਕਾ ਵਿੱਚ ਕੁੱਲ ਅੱਠ ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ ਸੀ। ਸੈਲਫੀ ਲੈਂਦੇ ਸਮੇਂ ਸਾਲ 2014 ਵਿੱਚ 15 ਮੌਤਾਂ ਹੋਈਆਂ ਸਨ। ਸਾਲ 2006 ਵਿੱਚ ਅੰਕੜਾ 39 ਤੱਕ ਪੁੱਜਾ। ਇਸ ਦੇ ਬਾਅਦ ਸਾਲ 2016 ਵਿੱਚ 73 ਲੋਕਾਂ ਦੀ ਮੌਤ ਸੈਲਫੀ ਕਾਰਨ ਹੋਈ।

# ਚੋਣ ਸਰਵੇਖਣਾਂ ਮੁਤਾਬਕ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਭਾਜਪਾ ਗਈ ਕਿ ਗਈ

ਨਵੀ ਦਿੱਲੀ, 8 ਅਕਤੂਬਰ, (ਪੋਸਟ ਬਿਊਰੋ)- ਅੱਗੜ-ਪਿੱਛੜ ਆਏ ਦੋ ਪ੍ਰਮੁੱਖ ਚੋਣ ਸਰਵੇਖਣਾਂ ਦੇ ਦੌਰਾਨ ਕੀਤੀ ਗਈ ਭਵਿੱਖਬਾਣੀ ਦੇ ਮੁਤਾਬਕ ਲੱਗਦਾ ਹੈ ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਤਿੰਨਾਂ ਰਾਜਾਂ ਵਿੱਚ ਹੀ ਭਾਜਪਾ ਨੂੰ ਭੁਆਂਟਣੀ ਦੇ ਕੇ ਕਾਂਗਰਸ ਪਾਰਟੀ ਸਰਕਾਰ ਬਣਾ ਸਕਦੀ ਹੈ।

ਏ ਬੀ ਪੀ ਨਿਊਜ਼-ਸੀ ਵੋਟਰ ਅਤੇ ਸੀ ਫੋਰ ਨੇ ਰਾਜਸਥਾਨ ਵਿੱਚ ਕਾਂਗਰਸ ਨੂੰ ਕਰੀਬ-ਕਰੀਬ 50 ਫ਼ੀਸਦੀ ਵੋਟ ਸ਼ੇਅਰ ਦਿੰਦਿਆਂ ਕੁੱਲ 200 ਵਿਧਾਨ ਸਭਾ ਸੀਟਾਂ ਵਿੱਚੋਂ ਕ੍ਰਮਵਾਰ 142 ਅਤੇ 124-138 ਸੀਟਾਂ ਦਿੱਤੀਆਂ ਹਨ। ਏ ਬੀ ਪੀ ਨਿਊਜ਼-ਸੀਵੋਟਰ ਨੇ ਭਾਜਪਾ ਨੂੰ ਰਾਜਸਥਾਨ ਨੂੰ ਮਸਾਂ 56 ਸੀਟਾਂ ਦਿੱਤੀਆਂ ਹਨ। ਮੁੱਖ ਮੰਤਰੀ ਦੇ ਅਹੁਦੇ ਲਈ ਸੂਬਾ ਕਾਂਗਰਸ ਪ੍ਰਧਾਨ ਸਚਿਨ ਪਾਇਲਟ ਨੂੰ ਭਾਜਪਾ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਤੋਂ ਪਹਿਲ ਦਿੱਤੀ ਗਈ ਹੈ। ਸੀ ਫੋਰ ਨੇ ਇਕੱਲੇ ਰਾਜਸਥਾਨ ਦਾ ਸਰਵੇਖਣ ਕੀਤਾ ਹੈ, ਪਰ ਏ ਬੀ ਪੀ ਨਿਊਜ਼-ਸੀਵੋਟਰ ਨੇ ਭਾਜਪਾ ਦੀ ਸਰਕਾਰ ਵਾਲੇ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਧਾਨ ਸਭਾਵਾਂ ਦਾ ਚੋਣ ਸਰਵੇਖਣ ਵੀ ਕੀਤਾ ਅਤੇ ਕਾਂਗਰਸ ਨੂੰ ਅੱਗੇ ਦੱਸਿਆ ਹੈ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਭਾਜਪਾ ਪਿਛਲੇ 15 ਸਾਲਾਂ ਤੋਂ ਸਰਕਾਰਾਂ ਚਲਾ ਰਹੀ ਹੈ। ਚੋਣਾਂ ਤੋਂ ਪਹਿਲਾਂ ਦੇ ਇਸ ਤਾਜ਼ਾ ਸਰਵੇਖਣ 'ਚ ਕਿਹਾ ਗਿਆ ਹੈ ਕਿ ਥੋੜ੍ਹੀਆਂ ਜਿਹੀਆਂ ਵੋਟਾਂ ਦੇ ਫਰਕ ਨਾਲ ਦੋਵੇਂ ਮੁੱਖ ਪਾਰਟੀਆਂ ਵਿੱਚੋਂ ਕੋਈ ਵੀ ਅੱਗੇ ਨਿਕਲ ਸਕਦੀ ਹੈ, ਪਰ ਕਾਂਗਰਸ ਦੀ ਅਗੇਤ ਦਿਖਾਈ ਗਈ ਹੈ। ਮੱਧ ਪ੍ਰਦੇਸ਼ ਵਿੱਚ 230 ਸੀਟਾਂ ਵਿੱਚੋਂ ਕਾਂਗਰਸ ਨੂੰ 122 ਸੀਟਾਂ 'ਤੇ ਅੱਗੇ ਦਿਖਾਇਆ ਗਿਆ ਅਤੇ ਛੱਤੀਸਗੜ੍ਹ (90 ਸੀਟਾਂ) ਵਿੱਚ ਉਸ ਨੂੰ 47 ਸੀਟਾਂ ਮਿਲਣ ਦੀ ਆਸ ਦੱਸੀ ਗਈ ਹੈ। ਭਾਜਪਾ ਨੂੰ ਦੋਵੇਂ ਰਾਜਾਂ 'ਚ ਕ੍ਰਮਵਾਰ 108 ਅਤੇ 40 ਸੀਟਾਂ 'ਤੇ ਮਿਲਦੀਆਂ ਦੱਸੀਆਂ ਹਨ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training


Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS


905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਪੀਲ ਖੇਤਰ ਲਈ ਡਾਲਰਾਂ ਦੀ ਘਾਟ ਬਾਰੇ ਮੁਜਰਮਾਨਾ ਚੁੱਪ

...ਪੰਨਾ 1 ਦਾ ਬਾਕੀ

ਇਸ ਉੱਦਮ ਦਾ ਆਧਾਰ ਸੋਸ਼ਲ ਪਲਾਨਿੰਗ ਕਾਉਂਸਲ ਆਫ ਪੀਲ, ਫੇਅਰ ਸ਼ੇਅਰ ਫਾਰ ਪੀਲ ਟਾਸਕ ਫੋਰਸ (Fair Share Peel Task Force), ਯੂਨਾਈਟਡ ਵੇਅ ਅਤੇ ਰੀਜਨ ਆਫ ਪੀਲ ਵੱਲੋਂ ਤਿਆਰ ਕੀਤੀ Portraits of Peel, a Community Left Behind ਰਿਪੋਰਟ ਸੀ। ਇਸ ਰਿਪੋਰਟ ਵਿੱਚ ਅੰਕੜਿਆਂ ਦੇ ਆਧਾਰ ਉੱਤੇ ਪੀਲ ਰੀਜਨ ਨੂੰ ਮਿਲਦੇ ਫੰਡਾਂ ਵਿੱਚ ਗੰਭੀਰ ਕਮੀ ਦਾ ਰੋਣਾ ਰੋਇਆ ਗਿਆ ਸੀ। ਫੇਅਰ ਸ਼ੇਅਰ ਟਾਸਕ ਫੋਰਸ ਪਿਛਲੇ ਦੋ ਦਹਾਕਿਆਂ ਤੋਂ ਪੀਲ ਰੀਜਨ ਲਈ ਬਾਕੀ ਉਂਟੇਰੀਓ ਦੇ ਬਰਾਬਰ ਫੰਡਾਂ ਦੀ ਗਰਾਂਟ ਲਈ ਕੰਮ ਕਰਦੀ ਰਹੀ ਸੀ। ਅੱਜ ਨਾ ਫੇਅਰ ਸ਼ੇਅਰ ਟਾਸਕ ਫੋਰਸ ਹੈ, ਨਾ www.peelaskswhy.ca ਦਾ ਕੋਈ ਨਾਮੋ ਨਿਸ਼ਾਨ ਹੈ ਅਤੇ ਨਾ ਹੀ ਇਸ ਵਿਸ਼ੇ ਉੱਤੇ ਕੋਈ ਸਿਆਸਤਦਾਨ ਗੱਲ ਕਰ ਰਿਹਾ ਹੈ।

ਜਿਹਨਾਂ ਦਿਨਾਂ ਵਿੱਚ ਫੇਅਰ ਸ਼ੇਅਰ ਵੱਲੋਂ ਪੀਲ ਰੀਜਨ ਲਈ ਬਰਾਬਰੀ ਭਰੇ ਫੰਡ ਇੱਕਤਰ ਕਰਨ ਲਈ ਕੋਸ਼ਿਸ਼ ਕੀਤੀ ਜਾ ਰਹੀ ਸੀ, ਉਸ ਵੇਲੇ ਫੰਡਾਂ ਦੀ ਘਾਟ ਦਾ ਹਾਲ ਕੁੱਝ ਇਹੋ ਜਿਹਾ ਸੀ। ਮਿਸਾਲ ਵਜੋਂ ਜਿੰਨੇ ਪ੍ਰਤੀ ਵਿੱਦਿਆਰਥੀ ਡਾਲਰ ਪੋਵਿੰਸ਼ੀਅਲ ਸਰਕਾਰ ਵੱਲੋਂ ਉਂਟੇਰੀਓ ਭਰ ਦੇ ਸਕੂਲਾਂ




ਨੂੰ ਦਿੱਤੇ ਜਾਂਦੇ ਸਨ, ਪੀਲ ਡਿਸਟ੍ਰਿਕਟ ਬੋਰਡ ਵਿੱਚ ਪੜਦੇ ਵਿੱਦਿਆਰਥੀਆਂ ਲਈ ਉਸ ਨਾਲੋਂ ਪ੍ਰਤੀ ਵਿੱਦਿਆਰਥੀ ਹਰ ਸਾਲ 838 ਡਾਲਰ ਘੱਟ ਮਿਲਦੇ ਸਨ। ਜੇ 2010-11 ਵਿੱਚ ਪੀਲ ਸਕੂਲ ਬੋਰਡ ਵਿੱਚ ਪੜਦੇ ਕੁੱਲ ਵਿੱਦਿਆਰਥੀਆਂ ਦੀ ਗਿਣਤੀ ਨੂੰ 838 ਡਾਲਰ ਨਾਲ ਗੁਣਾ ਕੀਤਾ ਜਾਵੇ ਤਾਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇੱਕ ਸਾਲ ਵਿੱਚ ਪੀਲ ਵਿੱਚ ਸਕੂਲਾਂ ਨੂੰ ਕਿੰਨੇ ਪੈਸੇ ਘੱਟ ਮਿਲਦੇ ਸਨ? ਹੁਣ ਤੁਸੀਂ ਸੋਚ ਸਕਦੇ ਹੋ ਕਿ ਸਕੂਲਾਂ ਵਿੱਚ ਲਾਏ ਜਾਂਦੇ ਪੋਰਟੇਬਲ ਕਲਾਸ ਰੂਮ ਅਸਲ ਕਲਾਸ ਰੂਮਾਂ ਦੀ ਥਾਂ ਕਿਉਂ ਲਾਏ ਜਾਂਦੇ ਹਨ।

ਕੀ ਅੱਜ ਹਾਲਾਤ ਸੁਧਰ ਗਏ ਹਨ? ਜੇ ਸੁਧਰੇ ਹੁੰਦੇ ਤਾਂ ਸਾਡੇ ਸਿਆਸਤਾਂ ਨੇ ਰੌਲਾ ਪਾਇਆ ਹੋਣਾ ਸੀ ਕਿ ਅਸੀਂ ਆਹ ਅਤੇ ਔਹ ਮੱਲਾਂ ਮਾਰੀਆਂ ਹਨ। ਚੁੱਪ ਹਨ ਕਿਉਂਕਿ ਸੱਚ ਜਾਣਦੇ ਹੋਣਗੇ ਅਤੇ ਇਹ ਚੁੱਪ ਹੀ ਜੋ ਮੁਜਰਮਾਨਾ ਹੈ।

2017 ਵਿੱਚ ਪੀਲ ਰੀਜਨ ਦੇ ਸਿਆਸਤਦਾਨਾਂ ਨੇ ਫੇਅਰ ਸ਼ੇਅਰ ਪੀਲ ਦੀ ਮੁਹਿੰਮ ਨੂੰ ਹੋਰ ਅੱਗੇ ਤੋਰਨ ਦੇ ਨਾਮ ਉੱਤੇ ਇੱਕ ਸਿਖ਼ਰ ਸੰਮੇਲਨ ਕਰਵਾਉਣ ਦੀ ਗੱਲ ਆਰੰਭੀ ਜਿਸਦਾ ਨਾਮ 905 ਸਿਖ਼ਰ ਸੰਮੇਲਨ (905 Summit) ਸੀ। ਉਦੇਸ਼ ਸੀ ਕਿ ਇਸ ਸਿਖ਼ਰ ਸੰਮੇਲਨ ਵਿੱਚ ਪੋਵਿੰਸ਼ੀਅਲ ਅਤੇ ਫੈਡਰਲ ਸਰਕਾਰਾਂ ਨੂੰ ਅੰਕੜਿਆਂ ਦੇ ਆਧਾਰ ਉੱਤੇ ਕਿਹਾ ਜਾਵੇ ਕਿ ਪੀਲ ਨਾਲ ਕਿੰਨਾ ਧੱਕਾ ਹੋ ਰਿਹਾ ਹੈ। ਉਸ ਵੇਲੇ ਕੈਰੋਲਿਨ ਪੈਰਿਸ਼ ਦਾ ਉਹ ਬਿਆਨ ਮਸ਼ਹੂਰ ਹੋਇਆ ਸੀ ਕਿ ਪੀਲ ਰੀਜਨ ਤੋਂ ਚੁਣੇ ਗਏ ਐਮ ਪੀ ਅਤੇ ਐਮ ਪੀ ਪੀ ਪੀਲ ਰੀਜਨ ਲਈ ਫੰਡ ਲਿਆਉਣ ਵਾਸਤੇ ਕੰਮ ਕਰਨ ਦੀ ਥਾਂ ਆਪਣੇ ਸਿਆਸੀ ਕੈਰੀਅਰ ਨੂੰ ਤਰਜੀਹ ਦੇਂਦੇ ਹਨ।

905 ਸਿਖ਼ਰ ਸੰਮੇਲਨ ਦਾ ਕੀ ਬਣਿਆ, ਪੀਲ ਰੀਜਨ ਦੀ ਗੁਰਬਤ ਦਾ ਹਾਲ ਦੱਸਣ ਵਾਲੇ ਅੰਕੜਿਆਂ ਦਾ ਕੀ ਬਣਿਆ ਅਤੇ ਪੀਲ ਲਈ ਫੰਡਾਂ ਦੀ ਕਹਾਣੀ ਕਿਉਂ ਰੁਲ ਗਈ ਹੈ, ਇਸ ਬਾਰੇ ਚਰਚਾ ਅਸੀਂ ਕੱਲ ਦੇ ਆਰਟੀਕਲ ਵਿੱਚ ਜਾਰੀ ਰੱਖਾਂਗੇ। ਅੱਜ ਮਾਨਸਿਕ ਸਿਹਤ ਲਈ ਮਿਲਣ ਵਾਲੇ ਫੰਡਾਂ ਦੀ ਮੁਜਰਮਾਨਾ ਘਾਟ ਦੀ ਗੱਲ ਕਰਕੇ ਆਰਟੀਕਲ ਨੂੰ ਸਮਾਪਤ ਕਰਦੇ ਹਾਂ।

ਮਾਨਸਿਕ ਸਿਹਤ ਸੁਧਾਰ ਵਾਸਤੇ ਉਂਟੇਰੀਓ ਵਿੱਚ ਸਰਕਾਰ ਵੱਲੋਂ ਪ੍ਰਤੀ ਵਿਅਕਤੀ 65.70 ਡਾਲਰ ਦਿੱਤੇ ਜਾਂਦੇ ਹਨ ਜਦੋਂ ਕਿ ਸੈਂਟਰਲ ਵੈਸਟ (ਬਰੈਂਪਟਨ) ਲਈ ਸਿਰਫ਼ 33 ਡਾਲਰ, ਯੌਰਕ ਰੀਜਨ ਲਈ 41 ਡਾਲਰ ਅਤੇ ਟੋਰਾਂਟੋ ਏਰੀਆ ਲਈ 103.70 ਡਾਲਰ। ਐਡਿਕਸ਼ਨ (ਡਰੱਗ ਤੋਂ ਛੁਟਕਾਰੇ ਲਈ) ਸੇਵਾਵਾਂ ਵਾਸਤੇ ਉਂਟੇਰੀਓ ਵਿੱਚ ਪ੍ਰਤੀ ਵਿਅਕਤੀ 18.60 ਡਾਲਰ, ਬਰੈਂਪਟਨ ਏਰੀਆ ਲਈ 6.10 ਡਾਲਰ, ਟੋਰਾਂਟੋ ਏਰੀਆ ਲਈ 30.90 ਮਿਲਦੇ ਹਨ।

............ਬਾਕੀ ਕੱਲ

ਪੰਜਾਬੀ ਪੋਸਟ
Canadian Punjabi Post

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਜਿਨਸੀ ਹਮਲਿਆਂ ਸਬੰਧੀ ਰਿਪੋਰਟਾਂ ਦੀ ਗਿਣਤੀ ਵਿੱਚ ਹੋਇਆ ਇਜ਼ਾਫਾ ਸਕਾਰਾਤਮਕ ਤਬਦੀਲੀ : ਪੈਟਰਸਨ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਚੀਫ ਆਫ ਡਿਫੈਂਸ ਸਟਾਫ ਜਨਰਲ ਜੌਨਾਥਨ ਵਾਂਸ ਇਹ ਚੇਤਾਵਨੀ ਦੇ ਚੁੱਕੇ ਹਨ ਕਿ ਫੌਜ ਵਿੱਚ ਜਿਨਸੀ ਦੁਰਵਿਵਹਾਰ ਵਾਲੀ ਪਹੁੰਚ ਸਵੀਕਾਰੀ ਨਹੀਂ ਜਾਵੇਗੀ ਤੇ ਜਿਹੜੇ ਇਸ ਵੱਲ ਕੰਨ ਨਹੀਂ ਕਰ ਰਹੇ ਉਨ੍ਹਾਂ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ। ਕਥਿਤ ਜਿਨਸੀ ਹਮਲਿਆਂ ਤੋਂ ਇਲਾਵਾ ਫੌਜੀ ਅਧਿਕਾਰੀਆਂ ਨੂੰ 231 ਰਿਪੋਰਟਾਂ ਗੈਰ ਮੁਜਰਮਾਨਾ ਗਲਤ ਜਿਨਸੀ ਵਿਵਹਾਰ ਵਾਰੀਆਂ ਰਿਪੋਰਟਾਂ ਮਿਲੀਆਂ ਜਿਨ੍ਹਾਂ ਵਿੱਚ ਗਲਤ ਜਿਨਸੀ ਭਾਸ਼ਾ ਜਾਂ ਮਜ਼ਾਕ, ਗਲਤ ਤਰ੍ਹਾਂ ਦੀ ਸਮੱਗਰੀ ਵਿਖਾਉਣਾ ਤੇ ਜਿਨਸੀ ਸਬੰਧਾਂ ਲਈ ਦਬਾਅ ਪਾਉਣਾ ਆਦਿ ਸ਼ਾਮਲ ਹੈ। ਇਸ ਤੋਂ ਇਲਾਵਾ 76 ਰਿਪੋਰਟਾਂ ਹੋਰ ਤਰ੍ਹਾਂ ਦੇ ਜਿਨਸੀ ਜ਼ੁਰਮਾਂ ਨਾਲ ਸਬੰਧਤ ਹਨ, ਜਿਨ੍ਹਾਂ ਵਿੱਚ ਜਿਨਸੀ ਤੌਰ ਉੱਤੇ ਤੰਗ ਪਰੇਸ਼ਾਨ ਕੀਤਾ ਜਾਣਾ, ਗਲਤ ਤਰ੍ਹਾਂ ਦਾ ਸਰੀਰਕ ਪੋਸਚਰ, ਚਾਈਲਡ ਪੋਰਨੋਗ੍ਰਾਫੀ, ਆਪਣੇ ਰੁਤਬੇ ਦੀ ਦੁਰਵਰਤੋਂ ਰਾਹੀਂ ਕਿਸੇ ਦਾ ਜਿਨਸੀ ਸ਼ੋਸ਼ਣ ਕਰਨਾ ਆਦਿ ਸ਼ਾਮਲ ਹਨ। ਪੈਟਰਸਨ ਨੇ ਆਖਿਆ ਕਿ ਫੌਜ ਵਿੱਚੋਂ ਜਿਨਸੀ ਸ਼ੋਸ਼ਣ ਨੂੰ ਖਤਮ ਕੀਤਾ ਜਾਣਾ ਸਾਡੀ ਮੁੱਖ ਤਰਜੀਹ ਹੈ। ਇਸ ਤਰ੍ਹਾਂ ਦੀ ਤਬਦੀਲੀ ਲੈ ਕੇ ਆਉਣ ਵਿੱਚ ਅਜੇ ਲੰਮਾਂ ਸਮਾਂ ਲੱਗੇਗਾ ਕਿਉਂਕਿ ਇਹ ਲੰਮੀ ਪ੍ਰਕਿਰਿਆ ਹੈ। ਪੈਟਰਸਨ ਨੇ ਆਖਿਆ ਕਿ ਅਜੇ ਅੰਦਰੂਨੀ ਸਰਵੇਖਣ ਦੀ ਰਿਪੋਰਟ ਦੇ ਨਤੀਜੇ ਵੀ ਸਾਹਮਣੇ ਆਉਣੇ ਬਾਕੀ ਹਨ।

# ਪਤਨੀ ਦੀ ਮੌਤ ਦੇ ਮਾਮਲੇ ਵਿੱਚ ਸੁਹੇਬ ਇਲਿਆਸੀ ਬਰੀ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਸਾਬਕਾ ਟੀ ਵੀ ਮੇਜ਼ਬਾਨ ਅਤੇ ਨਿਰਮਾਤਾ ਸੁਹੇਬ ਇਲਿਆਸੀ ਨੂੰ ਉਸ ਦੀ ਪਤਨੀ ਦੇ ਕਤਲ ਨਾਲ ਸਬੰਧਤ ਕੇਸ 'ਚੋਂ ਬਰੀ ਕਰ ਦਿੱਤਾ ਹੈ। ਸੁਹੇਬ ਦੀ ਪਤਨੀ ਅੰਜੂ ਦਾ 18 ਸਾਲ ਪਹਿਲਾਂ ਕਤਲ ਹੋ ਗਿਆ ਸੀ। ਇਲਿਆਸੀ ਨੇ ਇਸ ਮਾਮਲੇ ਵਿੱਚ ਉਸ ਨੂੰ ਹੋਈ ਉਮਰ ਕੈਦ ਦੀ ਸਜ਼ਾ ਨੂੰ ਚੁਣੌਤੀ ਦਿੱਤੀ ਸੀ, ਜਿਸ ਨੂੰ ਜਸਟਿਸ ਐਸ ਮੁਰਲੀਧਰ ਤੇ ਵਿਨੋਦ ਗੋਇਲ ਦੇ ਬੈਂਚ ਨੇ ਸਵੀਕਾਰ ਕਰ ਲਿਆ।

ਹਾਈ ਕੋਰਟ ਵੱਲੋਂ ਇਹ ਫੈਸਲਾ ਸੁਣਾਏ ਜਾਣ ਮੌਕੇ ਇਲਿਆਸੀ ਦੀ ਧੀ ਆਲੀਆ ਅਦਾਲਤ ਵਿੱਚ ਸੀ। ਆਲੀਆ ਨੇ ਫੈਸਲੇ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਸ ਨੂੰ ਹਮੇਸ਼ਾ ਆਪਣੇ ਪਿਤਾ 'ਤੇ ਯਕੀਨ ਸੀ। ਇਲਿਆਸੀ ਟੀ ਵੀ ਉਤੇ ਪ੍ਰਸਾਰਿਤ ਹੁੰਦੇ ਕਰਾਈਮ ਸ਼ੋਅ 'ਇੰਡੀਆਜ਼ ਮੋਸਟ ਵਾਂਟਿਡ' ਕਰਕੇ ਸੁਰਖੀਆਂ ਵਿੱਚ ਆਇਆ ਸੀ। ਟਰਾਇਲ ਕੋਰਟ ਨੇ ਇਲਿਆਸੀ ਨੂੰ ਆਪਣੀ ਪਤਨੀ ਦਾ ਕਤਲ ਕਰਨ ਦੇ ਦੋਸ਼ ਵਿੱਚ ਬੀਤੇ ਸਾਲ 20 ਦਸੰਬਰ ਨੂੰ ਉਮਰ ਕੈਦ ਦੀ ਸਜ਼ਾ ਕੀਤੀ ਸੀ। ਕੇਸ ਦੀ ਸੁਣਵਾਈ ਦੌਰਾਨ ਟਰਾਇਲ ਕੋਰਟ ਨੇ ਕਿਹਾ ਸੀ ਕਿ ਇਲਿਆਸੀ ਨੇ ਆਪਣੀ ਪਤਨੀ ਦਾ ਕਤਲ ਕਰਨ ਦੇ ਬਾਅਦ ਇਸ ਨੂੰ ਖੁਦਕੁਸ਼ੀ ਦਾ ਰੰਗ ਦਿੱਤਾ ਸੀ। ਹਾਈ ਕੋਰਟ ਨੇ 26 ਅਪ੍ਰੈਲ ਨੂੰ ਇਲਿਆਸੀ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ, ਪਰ 14 ਮਈ ਨੂੰ ਅੱਗੇ ਹੋਰ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਸੀ। ਚਾਕੂ ਨਾਲ ਵਿੰਨੀ ਅੰਜੂ ਨੂੰ 11 ਜਨਵਰੀ 2000 ਨੂੰ ਉਹਦੀ ਈਸਟ ਦਿੱਲੀ ਵਾਲੀ ਰਿਹਾਇਸ਼ ਤੋਂ ਹਸਪਤਾਲ ਲਿਆਂਦਾ ਗਿਆ ਸੀ, ਜਿਥੇ ਉਸ ਨੂੰ ਮ੍ਰਿਤਕ ਲਿਆਂਦੀ ਐਲਾਨ ਦਿੱਤਾ ਗਿਆ। ਇਲਿਆਸੀ ਨੂੰ 28 ਮਾਰਚ 2000 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਸ ਖਿਲਾਫ ਉਹਦੀ ਸਾਲੀ ਅਤੇ ਸੱਸ ਦੇ ਬਿਆਨਾਂ 'ਤੇ ਦੋਸ਼ ਆਇਦ ਕੀਤੇ ਗਏ ਸਨ।

# ਕਤਲ ਦੇ ਕੇਸ ਵਿੱਚ ਮਾਂ-ਪੁੱਤ ਗ੍ਰਿਫਤਾਰ

ਜਲੰਧਰ, 8 ਅਕਤੂਬਰ (ਪੋਸਟ ਬਿਊਰੋ)- ਪਿੰਡ ਜੌਹਲਾਂ ਵਿੱਚ ਹੋਏ ਕਤਲ ਕੇਸ ਨੂੰ ਸੁਲਝਾ ਕੇ ਪੁਲਸ ਨੇ ਮਾਂ-ਪੁੱਤ ਨੂੰ ਗ੍ਰਿਫਤਾਰ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਕੱਲ੍ਹ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐੱਸ ਪੀ ਗੁਰਮੀਤ ਸਿੰਘ ਕਿੰਗਰਾ ਨੇ ਦੱਸਿਆ ਕਿ ਥਾਣਾ ਪਤਾਰਾ ਵਿੱਚ ਛੇ ਅਕਤੂਬਰ ਨੂੰ ਰਾਮ ਚੰਦ ਛਾਬੜਾ ਦੇ ਗੁੰਮ ਹੋਣ ਦੀ ਰਿਪੋਰਟ ਦਰਜ ਕਰਾਈ ਗਈ ਸੀ ਕਿ ਉਹ ਚਾਰ ਅਕਤੂਬਰ ਤੋਂ ਲਾਪਤਾ ਹੈ। ਰਾਮ ਚੰਦ ਛਾਬੜਾ ਦੇ ਭਤੀਜੇ ਕੁਲਦੀਪ ਸਿੰਘ ਛਾਬੜਾ ਨੇ ਬਿਆਨਾਂ ਵਿੱਚ ਕਿਹਾ ਸੀ ਕਿ ਉਹ ਆਪਣੇ ਤਾਏ ਨਾਲ ਰਲ ਕੇ ਮੱਝਾਂ-ਗਾਵਾਂ ਦਾ ਕਾਰੋਬਾਰ ਕਰਦਾ ਸੀ ਅਤੇ ਉਸ ਦੇ ਤਾਏ ਨੇ ਕਈ ਪਿੰਡਾਂ ਵਿੱਚ ਲੋਕਾਂ ਨੂੰ ਉਧਾਰ ਪੈਸੇ ਦਿੱਤੇ ਹੋਏ ਸਨ। ਘਟਨਾ ਵਾਲੇ ਦਿਨ ਉਹ ਜੌਹਲਾਂ ਪਿੰਡ ਦੀ 50 ਸਾਲਾ ਵਿਧਵਾ ਰਣਜੀਤ ਕੌਰ ਤੋਂ ਪੈਸੇ ਲੈਣ ਗਿਆ ਸੀ।

ਅਧਿਕਾਰੀਆਂ ਦੇ ਮੁਤਾਬਕ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਕਿ ਪਿੰਡ ਜੌਹਲਾਂ ਦੀ ਰਣਜੀਤ ਕੌਰ ਤੇ ਰਾਮ ਚੰਦ ਛਾਬੜਾ ਦੇ ਨਾਜਾਇਜ਼ ਸੰਬੰਧ ਸਨ। ਚਾਰ ਅਕਤੂਬਰ ਨੂੰ ਪਿੰਡ ਜੌਹਲਾਂ ਵਿੱਚ ਰਣਜੀਤ ਕੌਰ ਦੇ ਘਰ ਰਾਮ ਚੰਦ ਛਾਬੜਾ ਆਇਆ ਤਾਂ ਉਨ੍ਹਾਂ ਦੋਵਾਂ ਨੂੰ ਰਣਜੀਤ ਕੌਰ ਦੇ ਪੁੱਤਰ ਹਰਜਾਪ ਸਿੰਘ ਨੇ ਇਤਰਾਜ਼ ਯੋਗ ਹਾਲਤ ਵਿੱਚ ਦੇਖ ਲਿਆ। ਗੁੱਸੇ ਵਿੱਚ ਆਏ ਹਰਜਾਪ ਸਿੰਘ ਨੇ ਰਾਮ ਚੰਦ ਦੇ ਸਿਰ ਵਿੱਚ ਲੋਹੇ ਦੀ ਰਾਡ ਮਾਰ ਦਿੱਤੀ ਤੇ ਰਣਜੀਤ ਕੌਰ ਨੇ ਉਸ ਦਾ ਗਲਾ ਘੁੱਟ ਕੇ ਉਸ ਨੂੰ ਜਾਨੋਂ ਮਾਰ ਦਿੱਤਾ। ਲਾਸ਼ ਨੂੰ ਉਹ ਆਪਣੇ ਘਰ ਦੀ ਛੱਤ ਉਪਰ ਲੈ ਗਏ ਤੇ ਉਥੇ ਪਏ ਪੁਰਾਣੇ ਪੀੜ੍ਹਾ ਸੈੱਟ ਤੋੜ ਕੇ ਅੱਗ ਲਾ ਦਿੱਤੀ ਸੀ। ਫਿਰ ਅੱਧ ਸੜੀ ਲਾਸ਼ ਛੱਤ 'ਤੇ ਪਏ ਰੋੜਿਆਂ ਵਿੱਚ ਲੁਕੋ ਦਿੱਤੀ ਸੀ। ਪੁਲਸ ਨੇ ਰਣਜੀਤ ਕੌਰ ਦੇ ਘਰ ਦੇ ਬਾਹਰੋਂ ਰਾਮ ਚੰਦ ਦੀ ਐਕਟਿਵਾ ਅਤੇ ਅੱਧ ਸੜੀ ਲਾਸ਼ ਬਰਾਮਦ ਕੀਤੀ ਅਤੇ ਰਣਜੀਤ ਕੌਰ ਤੇ ਉਸ ਦੇ ਪੁੱਤਰ ਹਰਜਾਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

# ਲਿੰਡਾ ਜਾਫਰੀ ਦੇ ਹੱਕ ਵਿਚ ਚੱਲੀ ਹਵਾ, ਹਰ ਵਰਗ ਦੇ ਰਿਹਾ ਹੈ ਸਮਰਥਨ



...ਪੰਨਾ 1 ਦਾ ਬਾਕੀ


ਜਦਕਿ ਐਨਡੀਪੀ ਵਾਲੇ ਚੁੱਪ ਨਜ਼ਰ ਆ ਰਹੇ ਹਨ। ਲਿੰਡਾ ਜਾਫਰੀ ਦਾ ਮੁਕਾਬਲਾ ਇਸ ਸਮੇਂ ਪੈਟ੍ਰਿਕ ਬ੍ਰਾਊਨ ਦੇ ਨਾਲ ਹੈ। ਪੈਟ੍ਰਿਕ ਬ੍ਰਾਊਨ, ਜਿਸ ਉਤੇ ਪੀਸੀ ਪਾਰਟੀ ਵਿਚ ਕੁੱਝ ਦੋਸ਼ ਲੱਗਣ ਕਾਰਨ ਉਸ ਨੂੰ ਪੀਸੀ ਪਾਰਟੀ ਦੇ ਲੀਡਰ ਵਜੋਂ ਹਟਾ ਦਿੱਤਾ ਗਿਆ ਸੀ ਤੇ ਫਿਰ ਉਸ ਨੇ ਪੀ ਵਿਜ਼ਨ ਲਈ ਚੇਅਰ ਵਜੋਂ ਚੋਣ ਲੜਨ ਦਾ ਮਨ ਬਣਾਇਆ ਤੇ ਫਿਰ ਰਾਤੋ ਰਾਤ ਆਪਣਾ ਐਡ੍ਰੈਸ ਬਦਲ ਕੇ ਬਰੈਂਪਟਨ ਆ ਗਿਆ ਤੇ ਬਰੈਂਪਟਨ ਤੋਂ ਮੇਅਰ ਦੀ ਚੋਣ ਲੜਨ ਦਾ ਮਨ ਬਣਾ ਲਿਆ। ਪੈਟ੍ਰਿਕ ਬ੍ਰਾਊਨ ਦਾ ਬੀਤੇ ਹਫ਼ਤੇ ਵਿਆਹ ਹੋਇਆ ਹੈ ਤੇ ਇਸ ਵੀਕੈਂਡ ਉਤੇ ਉਸ ਨੇ ਆਪਣੀ ਰਿਸੈਪਸ਼ਨ ਰੱਖੀ ਸੀ। ਜਿਥੇ ਲਿੰਡਾ ਜਾਫਰੀ ਆਪਣੀ ਕੰਪੇਨ ਨੂੰ ਪੂਰੀ ਤਰ੍ਹਾਂ ਚਲਾਉਣ ਵਿਚ ਰੁੱਝੀ ਹੋਈ ਹੈ, ਉਥੇ ਹੀ ਪੈਟ੍ਰਿਕ ਬ੍ਰਾਊਨ ਆਪਣੇ ਵਿਆਹ ਦੇ ਜਸ਼ਨ ਮਨਾ ਰਿਹਾ ਹੈ। ਲਿੰਡਾ ਜਾਫਰੀ ਦੀ ਬੀਤੀ ਕਾਰਗੁਜ਼ਾਰੀ ਉਤੇ ਭਾਵੇ ਕਾਫ਼ੀ ਸਵਾਲ ਉਠ ਰਹੇ ਹਨ, ਪਰ ਇਥੇ ਇਹ ਵੀ ਗੱਲ ਲੋਕਾਂ ਦੇ ਮਨਾਂ ਵਿਚ ਘਰ ਕਰ ਗਈ ਹੈ ਕਿ ਭਾਵੇਂ ਲਿੰਡਾ ਜਾਫਰੀ ਪੂਰੇ ਬਰੈਪਟਨ ਵਿਚੋ ਬਤੌਰ ਮੇਅਰ ਚੁਣੀ ਜਾਂਦੀ ਹੈ, ਪਰ ਜਦੋ ਕਿਸੇ ਗੱਲ ਉਤੇ ਫੈਸਲਾ ਲੈਣ ਦੀ ਗੱਲ ਆਉਦੀ ਹੈ ਤਾਂ ਉਸ ਦੀ ਵੀ ਦੂਜੇ ਕੌਂਸਲਰਾਂ ਵਾਂਗ ਇਕ ਵੋਟ ਹੀ ਰਹਿ ਜਾਂਦੀ ਹੈ। ਪਿਛਲੀ ਟਰਮ





ਵਿਚ ਜੋ ਦੋਫਾੜ ਕੌਂਸਲ ਵਿਚ ਰਿਹਾ, ਲੱਗਦਾ ਹੈ ਕਿ ਉਹ ਇਸ ਵਾਰ ਖਤਮ ਹੋ ਜਾਵੇਗਾ ਕਿਉਕਿ ਇਸ ਵਾਰ ਕਈ ਪੁਰਾਣੇ ਖੁੰਢ ਕੌਂਸਲਰਾਂ ਦੇ ਵਿਰੁੱਧ ਤੇ ਨਵੇ ਚਿਹਰਿਆਂ ਦੇ ਹੱਕ ਵਿਚ ਹਵਾ ਚੱਲ ਰਹੀ ਹੈ। ਬੀਤੇ ਵੀਕੈਂਡ ਉਨ੍ਹਾਂ ਦੇ ਹੱਕ ਵਿਚ ਪ੍ਰਸਿੱਧ ਟਰਾਂਸਪੋਰਟਰ ਜੱਸਾ ਸੱਜਣ ਵਲੋਂ ਆਪਣੇ ਗ੍ਰਹਿ ਵਿਖੇ ਇਕੱਠ ਕੀਤਾ ਗਿਆ। ਇਸੇ ਤਰ੍ਹਾਂ ਹੀ ਹਰਿਆਣਾ ਕਲੱਬ ਵਲੋਂ ਤੇ ਤਾਮੋ ਸੀਨੀਅਰਜ਼ ਅਹਿਮਦੀਆ ਭਾਈਚਾਰਾ ਰਮਨਦੀਪ ਗਰੇਵਾਲ, ਫਲੀਸ ਓਜ਼ਮਾਇਰ, ਟੈਰੀ ਮਿਲਰ ਤੇ ਕਾਲੇ ਭਾਈਚਾਰੇ ਵਿਚੋ ਲਿਨ ਕਾਰਬੀ, ਪੈਟ ਫਰਟੀਨੀ ਵਲੋਂ ਵੀ ਲਿੰਡਾ ਜਾਫਰੀ ਦੀ ਹਿਮਾਇਤ ਕੀਤੀ ਗਈ। ਇਸੇ ਤਰ੍ਹਾਂ ਹੀ ਪੰਜਾਬੀ ਭਾਈਚਾਰੇ ਦੀਆਂ ਵੱਖ-ਵੱਖ ਸਪੋਰਟਸ ਕਲੱਬਾਂ ਵੀ ਲਿੰਡਾ ਜਾਫਰੀ ਦੇ ਹੱਕ ਵਿਚ ਅੱਗੇ ਵਧ ਕੇ ਕੰਮ ਕਰ ਰਹੀਆਂ ਹਨ। ਜੇਕਰ ਇਸ ਸਮੇ ਚੋਣ ਲੜਨ ਵਾਲੇ ਵੱਖ-ਵੱਖ ਉਮੀਦਵਾਰਾਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਵਿਚੋ ਹਰਕੀਰਤ ਸਿੰਘ ਵਾਰਡ 9 ਤੇ 10 ਤੋ ਸਿਟੀ ਕੌਂਸਲਰ ਲਈ, ਬਲਵੀਰ ਸੋਹੀ ਸਕੂਲ ਟਰੱਸਟੀ ਲਈ ਅਤੇ ਇਸੇ ਤਰ੍ਹਾਂ ਹੀ ਪੈਟ ਫਰਟੀਨੀ, ਮਾਰਟਿਨ ਮਡੋਇਸ, ਹਰਪ੍ਰੀਤ ਹੰਸਰਾ, ਗੁਰਪ੍ਰੀਤ ਬੈਂਸ ਤੇ ਹੋਰ ਉਮੀਦਵਾਰ ਲਿੰਡਾ ਜਾਫਰੀ ਨਾਲ ਇਕ ਤਰ੍ਹਾਂ ਦੀ ਟੀਮ ਬਣਾ ਕੇ ਚੱਲ ਰਹੇ ਹਨ। ਸੂਬਾ ਪੱਧਰ ਉਤੇ ਐਮਪੀਪੀਜ ਵੱਲ ਦੇਖਿਆ ਜਾਵੇ ਭਾਵੇ ਕੰਜ਼ਰਵੇਟਿਵਜ਼ ਦੇ ਜੋ ਐਮਪੀਪੀ ਹਨ, ਉਨ੍ਹਾਂ ਨੇ ਪੈਟ੍ਰਿਕ ਬ੍ਰਾਊਨ ਦੀ ਲੀਡਰਸ਼ਿਪ ਵਿਚ ਨਾਮੀਨੇਸ਼ਨ ਜਿੱਤੀ ਤੇ ਫਿਰ ਅੱਗੇ ਚੱਲ ਕੇ ਐਮਪੀਪੀ ਬਣੇ, ਪਰ ਉਨ੍ਹਾਂ ਵਿਚੋਂ ਕਿਸੇ ਦੀ ਵੀ ਫੋਟੋ ਹੁਣ ਪੈਟ੍ਰਿਕ ਬ੍ਰਾਊਨ ਨਾਲ ਨਜ਼ਰ ਨਹੀ ਆ ਰਹੀ। ਭਾਵੇ ਸਿੱਧੇ ਤੌਰ ਉਤੇ ਇਨ੍ਹਾਂ ਨੇ ਕਿਸੇ ਨੂੰ ਅਜੇ ਇੰਡੋਰਜ਼ ਨਹੀ ਕੀਤਾ, ਪਰ ਜੇਕਰ ਪ੍ਰਭਮੀਤ ਸਰਕਾਰੀਆ ਦੇ ਘਰ ਅੱਗੇ ਲੱਗਿਆ ਸਾਈਨ ਦੇਖਿਆ ਜਾਵੇ, ਜੋ ਲਿੰਡਾ ਜਾਫਰੀ ਦਾ ਹੀ ਹੈ, ਜੋ ਕਾਫ਼ੀ ਵੱਡੇ ਸੰਕੇਤ ਦੇ ਜਾਂਦਾ ਹੈ। ਆਉਣ ਵਾਲੀ 14 ਤਰੀਕ ਦਿਨ ਐਤਵਾਰ ਨੂੰ ਸਪ੍ਰਿੰਜਾ ਬੈਂਕੁਇਟ ਹਾਲ ਵਿਖੇ ਇਕ ਵੱਡੀ ਰੈਲੀ ਕੀਤੇ ਜਾਣ ਦੀ ਸੰਭਾਵਨਾ ਹੈ, ਜਿਸ ਵਿਚ ਪੂਰੇ ਬਰੈਂਪਟਨ ਤੋਂ ਲੋਕਾਂ ਦੇ ਪਹੁੰਚਣ ਦੀ ਉਮੀਦ ਹੈ। ਇੰਦਰਜੀਤ ਸਿੰਘ ਬੱਲ, ਜੋ ਲਿੰਡਾ ਜਾਫਰੀ ਦੀ ਕਾਫ਼ੀ ਹਿਮਾਇਤ ਕਰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਲਿੰਡਾ ਜਾਫਰੀ ਦਾ ਅਗਲਾ ਮੇਅਰ ਬਣਨਾ ਲਗਭਗ ਤੈਅ ਹੈ ਤੇ ਲੋਕ ਘਰੋ-ਘਰੀ ਇਕ ਵਾਰ ਫਿਰ ਸੁਨੇਹਾ ਦੇ ਰਹੇ ਹਨ ਕਿ ਲਿੰਡਾ ਜਾਫਰੀ ਹੀ ਬਰੈਂਪਟਨ ਨੂੰ ਸਹੀ ਰਾਹ ਉਤੇ ਰੱਖ ਸਕਦੀ ਹੈ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSIPTALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com





PUNJABI RANG RADIO



CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਰਾਸ਼ਟਰ ਦੀ ਆਤਮਾ ਨੂੰ ਖੰਡਿਤ ਕਰਨਾ ਚਾਹੁੰਦਾ ਹੈ ਸੰਘ ਪਰਵਾਰ

-ਯੋਗੇਂਦਰ ਯਾਦਵ

'ਤੁਸੀਂ ਰਾਸਟਰੀ ਸਵੈ ਸੇਵਕ ਸੰਘ ਨੂੰ ਮੁਸਲਿਮ ਵਿਰੋਧੀ ਕਹੋ ਤਾਂ ਗੱਲ ਸਮਝ ਆਉਂਦੀ, ਪਰ ਇਸ ਨੂੰ ਰਾਸ਼ਟਰ ਵਿਰੋਧੀ ਕਿਵੇਂ ਕਹਿ ਸਕਦੇ ਹੋ? ਤੁਸੀਂ ਬੇਵਜ੍ਹਾ ਸੰਘ ਨਾਲ ਨਫਰਤ ਕਰਦੇ ਹੋ। ਮੈਨੂੰ ਸਮਝ ਆ ਗਈ। ਜ਼ਰੂਰ ਅੰਕਲ ਨੇ ਕੱਲ੍ਹ ਰਾਤ ਮੈਨੂੰ ਟੀ ਵੀ ਉਤੇ ਦੇਖਿਆ ਹੋਵੇਗਾ, ਜਦੋਂ ਮੈਂ ਸੰਘ ਦੇ ਸਰ ਸੰਘਚਾਲਕ ਮੋਹਨ ਭਾਗਵਤ ਦੇ ਵਿਗਿਆਨ ਭਵਨ ਵਾਲੇ ਭਾਸ਼ਣਾਂ 'ਤੇ ਟਿੱਪਣੀ ਕਰ ਰਿਹਾ ਸੀ।

'ਅੰਕਲ ਜੀ ਤੁਸੀਂ ਮੇਰੀ ਗੱਲ ਠੀਕ ਸਮਝੀ, ਪਰ ਉਸ ਪਿੱਛੇ ਕੋਈ ਨਫਰਤ ਜਾਂ ਗਲਤ ਫਹਿਮੀ ਨਹੀਂ। ਮੈਂ ਸੰਘ ਨੂੰ ਬਹੁਤ ਨੇੜਿਉਂ ਦੇਖਿਆ ਹੈ। ਸੰਘ ਪ੍ਰਚਾਰਕ ਆਮ ਤੌਰ 'ਤੇ ਇਮਾਨਦਾਰ ਲੋਕ ਹਨ। ਸੰਘ ਦੇ ਵਰਕਰਾਂ ਬਾਰੇ ਮੇਰੀ ਉਹ ਹੀ ਰਾਏ ਹੈ, ਜੋ ਕਮਿਊਨਿਸਟਾਂ ਅਤੇ ਪੁਰਾਣੇ ਜ਼ਮਾਨੇ ਦੇ ਸਮਾਜਵਾਦੀਆਂ ਬਾਰੇ ਹੈ, ਕਿਸੇ ਆਮ ਸਿਆਸੀ ਵਰਕਰ ਦੇ ਮੁਕਾਬਲੇ ਇਹ ਲੋਕ ਜ਼ਿਆਦਾ ਇਮਾਨਦਾਰ ਅਤੇ ਆਦਰਸ਼ਵਾਦੀ ਹੁੰਦੇ ਹਨ। ਆਪਣੀ ਸਮਝ ਦੇ ਹਿਸਾਬ ਨਾਲ ਉਹ ਅਕਸਰ ਰਾਸ਼ਟਰ ਦੇ ਹਿੱਤ ਲਈ ਸਮਰਪਿਤ ਹੁੰਦੇ ਹਨ। ਮੈਂ ਜਾਣਦਾ ਹਾਂ ਕਿ ਸੰਘ ਦੇ ਸਵੈਮ ਸੇਵਕਾਂ ਨੇ ਕਈ ਵਾਰ ਕੁਦਰਤੀ ਆਫਤਾਂ ਜਾਂ ਕੌਮੀ ਸੰਕਟ ਵੇਲੇ ਹਾਂ-ਪੱਖੀ ਭੂਮਿਕਾ ਨਿਭਾਈ ਹੈ।

ਬਜ਼ੁਰਗ ਕੁਝ ਆਸਵੰਦ ਹੋਏ। 'ਮੈਨੰ ਲੱਗਾ ਸੀ ਕਿ ਤੁਸੀਂ ਸਹੀ ਗੱਲ ਨੂੰ ਸਹੀ ਕਹੋਗੇ, ਫਿਰ ਸੰਘ ਨੂੰ ਰਾਸ਼ਟਰ ਵਿਰੋਧੀ ਕਿਉਂ ਕਹਿੰਦੇ ਹੋ?'

'ਕਿਉਂਕਿ ਰਾਸ਼ਟਰ ਦਾ ਬੁਰਾ ਜਾਂ ਭਲਾ ਸਿਰਫ ਕਿਸੇ ਆਦਮੀ ਦੀ ਆਪਣੀ ਸਮਝ 'ਤੇ ਨਿਰਭਰ ਨਹੀਂ। ਆਮ ਤੌਰ 'ਤੇ ਨਕਸਲੀ ਵੀ ਆਦਰਸ਼ਵਾਦੀ ਹੁੰਦੇ ਹਨ ਅਤੇ ਸੋਚਦੇ ਹਨ ਕਿ ਉਹ ਗਰੀਬਾਂ ਦਾ ਭਲਾ ਕਰ ਰਹੇ ਹਨ, ਪਰ ਅਸਲ 'ਚ ਉਹ ਜਿਸ ਤਰ੍ਹਾਂ ਦੀ ਹਿੰਸਾ ਕਰਦੇ ਹਨ, ਉਸ ਨਾਲ ਸਭ ਤੋਂ ਵੱਧ ਨੁਕਸਾਨ ਗਰੀਬਾਂ ਹੀ ਹੁੰਦਾ ਹੈ। ਇਸੇ ਤਰ੍ਹਾਂ ਸੰਘ ਵਾਲੇ ਸੋਚਦੇ ਹੋਣਗੇ ਕਿ ਉਹ ਰਾਸ਼ਟਰ ਦਾ ਭਲਾ ਕਰ ਰਹੇ ਹਨ, ਪਰ ਉਨ੍ਹਾਂ ਦੇ ਕਰਮ ਅਤੇ ਵਿਚਾਰਾਂ ਨਾਲ ਰਾਸ਼ਟਰ ਦਾ ਨੁਕਸਾਨ ਹੀ ਹੋਇਆ ਹੈ।'

ਅੰਕਲ ਬੋਲੇ, 'ਇਹ ਗੱਲ ਮੈਂ ਪਹਿਲੀ ਵਾਰ ਸੁਣ ਰਿਹਾ ਹਾਂ। ਜਿਸ ਸੰਗਠਨ ਦਾ ਅਤੀਤ ਰਾਸ਼ਟਰ ਭਗਤੀ ਨਾਲ ਭਰਪੂਰ ਰਿਹਾ ਹੋਵੇ...।'

ਉਨ੍ਹਾਂ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਮੈਂ ਟੋਕ ਦਿੱਤਾ, 'ਸੰਘ ਦੇ ਅਤੀਤ ਦੀ ਗੱਲ ਨਾ ਕਰੋ। ਇਸ ਦੀ ਸਥਾਪਨਾ 1925 'ਚ ਹੋਈ ਸੀ, ਪਰ ਕੌਮੀ ਅੰਦੋਲਨ 'ਚ ਇਸ ਸੰਗਠਨ ਨੇ ਜ਼ਰਾ ਵੀ ਯੋਗਦਾਨ ਦਿੱਤਾ ਹੋਵੇ ਤਾਂ ਦੱਸੋ। ਤੁਸੀਂ ਦਿਖਾਓ ਦੇਸ਼ ਦੀ ਆਜ਼ਾਦੀ ਲਈ ਸੰਘ ਦੇ ਕਿੰਨੇ ਸਵੈਮ ਸੇਵਕ ਸ਼ਹੀਦ ਹੋਏ, ਸੰਘ ਦੇ ਸੱਦੇ 'ਤੇ ਜੇਲ੍ਹ ਗਏ? ਜੇ ਵੀਰ ਸਾਵਰਕਰ ਬਾਰੇ ਸੋਚਦੇ ਹੋ ਤਾਂ ਤੁਹਾਨੂੰ ਪਤਾ ਹੈ ਕਿ ਉਹ ਕਾਲੇ ਪਾਣੀ ਦੀ ਸਜ਼ਾ 'ਚੋਂ ਵਾਇਸਰਾਏ ਤੋਂ ਰਹਿਮ ਦੀ ਭੀਖ ਮੰਗ ਕੇ ਬਾਹਰ ਨਿਕਲੇ ਸਨ? ਬਾਹਰ ਆਉਣ ਪਿੱਛੋਂ ਉਹ ਅੰਗਰੇਜ਼ਾਂ ਦੀਆਂ ਸ਼ਰਤਾਂ ਮੁਤਾਬਕ ਅਤੇ ਉਨ੍ਹਾਂ ਦੇ ਦਿੱਤੇ ਵਜ਼ੀਫੇ 'ਤੇ ਗੁਜ਼ਾਰਾ ਕਰਦੇ ਸਨ। ਕੀ ਤੁਸੀਂ ਜਾਣਦੇ ਹੋ ਕਿ ਜਦੋਂ ਸਾਰਾ ਦੇਸ਼ 1942 ਦੇ 'ਕਰੋ ਜਾਂ ਮਰੋ' ਸੰਘਰਸ਼ 'ਚ ਜੁਟਿਆ ਹੋਇਆ ਸੀ, ਉਦੋਂ ਸ਼ਿਆਮਾ ਪ੍ਰਸਾਦ ਮੁਖਰਜੀ ਬ੍ਰਿਟਿਸ਼ ਸਰਕਾਰ ਦਾ ਸਹਿਯੋਗ ਕਰ ਰਹੇ ਸਨ? ਇੰਨਾ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਨੱਥੂ ਰਾਮ ਗੋਡਸੇ ਇੱਕ ਸਮੇਂ ਸੰਘ ਦਾ ਸਵੈਮ ਸੇਵਕ ਸੀ ਤੇ ਗਾਂਧੀ ਦੀ ਹੱਤਿਆ ਵੇਲੇ ਇਸੇ ਵਿਚਾਰ ਨਾਲ ਜੁੜੇ ਸੰਗਠਨਾਂ ਨਾਲ ਉਸ ਦਾ ਸੰਬੰਧ ਸੀ। ਇਸੇ ਕਰ ਕੇ ਗਾਂਧੀ ਜੀ ਦੀ ਹੱਤਿਆ ਤੋਂ ਬਾਅਦ ਸਰਦਾਰ ਪਟੇਲ ਨੇ ਸੰਘ 'ਤੇ ਪਾਬੰਦੀ ਲਾਈ ਸੀ।'

ਮੇਰੇ ਇਸ ਤਿੱਖੇ ਜਵਾਬ ਤੋਂ ਅੰਕਲ ਹੈਰਾਨ ਰਹਿ ਗਏ ਤੇ ਸੰਭਲਦੇ ਹੋਏ ਬੋਲੇ, 'ਤੁਹਾਡੀਆਂ ਗੱਲਾਂ ਸੁਣ ਕੇ ਹੈਰਾਨ ਹਾਂ। ਜੇ ਕੋਈ ਹੋਰ ਬੋਲਦਾ ਤਾਂ ਮੈਨੂੰ ਯਕੀਨ ਨਾ ਹੁੰਦਾ, ਪਰ ਤੁਸੀਂ ਅਕਸਰ ਤੱਥਾਂ ਦੀ ਜਾਂਚ ਕਰ ਕੇ ਬੋਲਦੇ ਹੋ, ਇਸ ਲਈ ਮੰਨ ਲੈਂਦਾ ਹਾਂ, ਪਰ ਇਹ ਸਭ ਤਾਂ ਆਜ਼ਾਦੀ ਤੋਂ ਪਹਿਲਾਂ ਦੀਆਂ ਗੱਲਾਂ ਹਨ, ਦੱਬੇ ਮੁਰਦੇ ਕਿਉਂ ਪੁੱਟੇ ਜਾਣ?'

'ਚਲੋ ਅਸੀਂ ਆਜ਼ਾਦੀ ਤੋਂ ਬਾਅਦ ਦੀ ਗੱਲ ਕਰਦੇ ਹਾਂ। ਜੋ ਸੰਗਠਨ ਕੌਮੀ ਏਕਤਾ ਦੇ ਪਵਿੱਤਰ ਪ੍ਰਤੀਕਾਂ 'ਚ ਯਕੀਨ ਨਾ ਕਰੇ, ਉਸ ਨੂੰ ਤੁਸੀਂ ਕੀ ਕਹੋਗੇ? ਆਜ਼ਾਦੀ ਪਿੱਛੋਂ ਵੀ ਸੰਘ ਨੇ ਤਿਰੰਗੇ ਝੰਡੇ ਨੂੰ ਆਪਣੀ ਸ਼ਾਖਾ ਅਤੇ ਹੈੱਡਕੁਆਰਟਰ 'ਤੇ ਤਿਰੰਗਾ ਨਹੀਂ ਲਹਿਰਾਇਆ। ਸਿਰਫ ਭਗਵੇ ਝੰਡੇ ਦੀ ਜ਼ਿੱਦ ਕੀਤੀ। ਸੰਘ ਨੇ 'ਜਨ ਗਣ ਮਨ' ਦੀ ਤੌਹੀਨ ਕੀਤੀ ਅਤੇ ਇਸ ਨੂੰ ਬ੍ਰਿਟਿਸ਼ ਸੱਤਾ ਦਾ ਪ੍ਰਤੀਕ ਦੱਸਿਆ। ਇਹੋ ਨਹੀਂ, ਸੰਘ ਦੇ ਮੁਖੀ ਤੇ ਵਿਚਾਰਕਾਂ ਨੇ ਵਾਰ-ਵਾਰ ਭਾਰਤੀ ਸੰਵਿਧਾਨ ਦਾ ਮਜ਼ਾਕ ਉਡਾਇਆ। ਸੰਵਿਧਾਨ ਦੇ ਮੂਲ ਆਦਰਸ਼ਾਂ, ਜਿਵੇਂ ਸਮਾਜਵਾਦ, ਸੰਘੀ ਢਾਂਚਾ, ਸੈਕੁਲਰਵਾਦ ਅਤੇ ਲੋਕਤੰਤਰ ਨਾਲ ਸੰਘ ਦੀ ਅਸਹਿਮਤੀ ਰਹੀ ਹੈ।'

ਇਥੇ ਅੰਕਲ ਨੂੰ ਰੋਕਣ ਦਾ ਮੌਕਾ ਮਿਲਿਆ ਅਤੇ ਬੋਲੇ, 'ਤੁਸੀਂ ਪੜ੍ਹਿਆ ਨਹੀਂ ਕਿ ਮੋਹਨ ਭਾਗਵਤ ਜੀ ਨੇ ਕਿਹਾ ਹੈ ਕਿ ਉਹ ਸੰਵਿਧਾਨ 'ਚ ਯਕੀਨ ਕਰਦੇ ਹਨ।'

ਫਿਰ ਮੇਰੀ ਵਾਰੀ ਸੀ। ਮੈਂ ਕਿਹਾ, 'ਤੁਸੀ ਕੀ ਗੱਲ ਕਰਦੇ ਹੋ ਅੰਕਲ? ਜਿਸ ਸੰਗਠ ਦੇ ਮੁਖੀ ਨੂੰ ਆਜ਼ਾਦੀ ਦੇ 71 ਸਾਲਾਂ ਬਾਅਦ ਵੀ ਇਹ ਸਪੱਸ਼ਟ ਕਰਨਾ ਪਵੇ ਕਿ ਉਸ ਦੀ ਸੰਵਿਧਾਨ 'ਚ ਆਸਥਾ ਹੈ, ਉਸ ਦੇ ਰਾਸ਼ਟਰਵਾਦ ਬਾਰੇ ਤੁਸੀਂ ਕੀ ਕਹੋਗੇ? ਆਜ਼ਾਦੀ ਤੋਂ ਬਾਅਦ ਭਾਰਤ ਰਾਸ਼ਟਰ ਨਿਰਮਾਣ ਦੇ ਬਹੁਤ ਮੁਸ਼ਕਲ ਦੌਰ 'ਚੋਂ ਲੰਘਿਆ। ਵੰਡ ਦੀ ਤ੍ਰਾਸਦੀ 'ਚੋਂ ਲੰਘੇ ਇਸ ਦੇਸ਼ ਦੀ ਚੁਣੌਤੀ ਸੀ ਕਿ ਆਜ਼ਾਦ ਭਾਰਤ ਨੂੰ ਇਸ ਅੱਗ ਤੋਂ ਕਿਵੇਂ ਬਚਾਇਆ ਜਾਵੇ? ਉਸ ਦੌਰ 'ਚ ਸੰਘ ਪਰਵਾਰ ਨੇ ਅੱਗ ਬੁਝਾਉਣ ਦੀ ਥਾਂ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ। ਕੀ ਇਹ ਰਾਸ਼ਟਰਵਾਦ ਦੇ ਲੱਛਣ ਹਨ? ਅੱਜ ਸਾਡੀ ਕੌਮੀ ਏਕਤਾ ਸਾਹਮਣੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਤਾਮਿਲ ਨਾਡੂ, ਕਰਨਾਟਕ, ਪੰਜਾਬ ਤੇ ਹਰਿਆਣਾ ਵਿਚਾਲੇ ਨਹਿਰਾਂ ਦੀ ਵੰਡ ਦਾ ਝਗੜਾ ਹੈ, ਮੁੰਬਈ ਤੇ ਬੰਗਲੌਰ 'ਚ ਪਰਵਾਸੀਆਂ ਵਿਰੁੱਧ ਨਫਰਤ ਫੈਲਾਈ ਜਾਂਦੀ ਹੈ, ਕਈ ਇਲਾਕਿਆਂ 'ਚ ਭਾਸ਼ਾਈ ਅਤੇ ਜਾਤੀ ਤਣਾਅ ਹੈ। ਤੁਸੀਂ ਹੀ ਸੋਚੋ ਕਿ ਕਿਸੇ ਰਾਸ਼ਟਰਵਾਦੀ ਦੀ ਤਰਜੀਹ ਇਨ੍ਹਾਂ ਸਵਾਲਾਂ ਨੂੰ ਸੁਲਝਾਉਣਾ ਨਹੀਂ ਹੋਣੀ ਚਾਹੀਦੀ? ਸੰਘ ਇਨ੍ਹਾਂ ਸਵਾਲਾਂ 'ਤੇ ਚੁੱਪ ਕਿਉਂ ਰਹਿੰਦਾ ਹੈ? ਸਿਰਫ ਉਦੋਂ ਹੀ ਕਿਉਂ ਬੋਲਦਾ ਹੈ, ਜਦੋਂ ਹਿੰਦੂ-ਮੁਸਲਿਮ ਦਾ ਸਵਾਲ ਆਉਂਦਾ ਹੈ?'

ਉਨ੍ਹਾਂ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਮੈਂ ਅੱਗੇ ਵਧਦਾ ਗਿਆ, 'ਅੰਕਲ ਅਸਲੀ ਦਿੱਕਤ ਸੰਘ ਪਰਵਾਰ ਦੀ ਰਾਸ਼ਟਰ ਦੀ ਧਾਰਨਾ ਵਿੱਚ ਹੈ। ਇਹ ਲੋਕ ਬਾਕੀ ਸਾਰਿਆਂ ਨੂੰ ਵਿਦੇਸ਼ੀ ਦੱਸਦੇ ਰਹਿੰਦੇ ਹਨ, ਪਰ ਸੱਚ ਇਹ ਹੈ ਕਿ ਸੰਘ ਦੀ ਵਿਚਾਰਧਾਰਾ ਪੂਰੀ ਤਰ੍ਹਾਂ ਵਿਦੇਸ਼ੀ ਹੈ, ਭਾਰਤ ਲਈ ਅਢੁੱਕਵੀਂ ਹੈ। ਇੱਕ ਰਾਸ਼ਟਰ 'ਚ ਸਭਿਆਚਾਰਕ ਇੱਕਰੂਪਤਾ ਹੋਵੇ, ਇਹ ਭਾਰਤੀ ਵਿਚਾਰ ਨਹੀਂ ਹੈ। ਇਹ ਵਿਚਾਰ ਜਰਮਨੀ ਤੋਂ ਉਧਾਰ ਲਿਆ ਹੈ। ਯੂਰਪ ਦੀ ਇਸ ਰਾਸ਼ਟਰਵਾਦ ਬਾਰੇ ਸਮਝ ਕਾਰਨ ਓਥੇ ਪਤਾ ਨਹੀਂ ਕਿੰਨਾ ਖੂਨ-ਖਰਾਬਾ ਹੋਇਆ। ਭਾਰਤੀ ਰਾਸ਼ਟਰਵਾਦ ਨੇ ਕਿਹਾ ਕਿ ਸਾਨੂੰ ਇੱਕ ਰਾਸ਼ਟਰ ਬਣਨ ਲਈ ਇੱਕ ਰੂਪ ਹੋਣ ਦੀ ਲੋੜ ਨਹੀਂ, ਅਸੀਂ ਭਾਸ਼ਾ, ਨਸਲ ਤੇ ਧਰਮ ਦੀ ਵੰਨ-ਸੁਵੰਨਤਾ 'ਚ ਹੀ ਕੌਮੀ ਏਕਤਾ ਦਾ ਨਿਰਮਾਣ ਕਰਾਂਗੇ। ਸ਼ੁਰੂ 'ਚ ਯੂਰਪ ਦੇ ਲੋਕ ਭਾਰਤੀ ਰਾਸ਼ਟਰਵਾਦ ਦੇ ਇਸ ਵਿਚਾਰ ਦਾ ਮਜ਼ਾਕ ਉਡਾਉਂਦੇ ਸਨ, ਪਰ ਅੱਜ ਭਾਰਤ ਨੇ ਦਿਖਾ ਦਿੱਤਾ ਹੈ ਕਿ ਵੰਨ-ਸੁਵੰਨਤਾ ਨਾਲ ਇੱਕ ਦੇਸ਼ ਨੂੰ 'ਰਾਸ਼ਟਰ ਰਾਜ' ਬਣਾਇਆ ਜਾ ਸਕਦਾ ਹੈ। ਅੱਜ ਪੂਰੀ ਦੁਨੀਆ ਭਾਰਤ ਤੇ ਰਾਸ਼ਟਰਵਾਦ ਦੇ ਮਾਡਲ ਤੋਂ ਸਿੱਖਣਾ ਚਾਹੁੰਦੀ ਹੈ, ਪਰ ਸੰਘ ਵਾਲੇ ਸਾਵਰਕਰ ਦੇ ਕਥਨ 'ਹਿੰਦੀ ਹਿੰਦੂ ਹਿੰਦੋਸਤਾਨ' ਦੀ ਰਟ ਨਹੀਂ ਛੱਡਦੇ। ਯੂਰਪ ਦੇ ਘਿਸੇ-ਪਿਟੇ ਵਿਚਾਰਾਂ ਨਾਲ ਅੱਜ ਵੀ ਚਿੰਬੜੇ ਹੋਏ ਹਨ। ਇਸ ਲਈ ਸੰਘ ਦੇ ਵਿਚਾਰਾਂ ਨੂੰ ਮੈਂ ਭਾਰਤੀ ਰਾਸ਼ਟਰ ਲਈ ਸਭ ਤੋਂ ਖਤਰਨਾਕ ਮੰਨਦਾ ਹਾਂ। ਵੱਖਵਾਦੀ ਦੇਸ਼ ਦੇ ਸਰੀਰ ਨੂੰ ਖੰਡਿਤ ਕਰਨਾ ਚਾਹੁੰਦੇ ਹਨ, ਖੱਬੇ ਪੱਖੀ ਅੱਤਵਾਦੀ ਦੇਸ਼ ਦੀ ਤਾਕਤ ਨੂੰ ਖੰਡਿਤ ਕਰਨਾ ਚਾਹੁੰਦੇ ਹਨ, ਪਰ ਸੰਘ ਪਰਵਾਰ ਤਾਂ ਰਾਸ਼ਟਰ ਦੀ ਆਤਮਾ ਨੂੰ ਹੀ ਖੰਡਿਤ ਕਰਨਾ ਚਾਹੁੰਦਾ ਹੈ। ਸੰਘ ਦਾ ਵਿਚਾਰ ਭਾਰਤ ਦੇ ਸਵਧਰਮ 'ਤੇ ਹਮਲਾ ਹੈ।'


LIGHT SPEED Logistics Inc.

"Always There For You"



Web: www.lslinc.com
Email: safedrivers@lslinc.com

NOW HIRING

Owner Operators:
- US Team (ON to Midwest) (Loaded/Empty) $1.80*
- US Team (Open Board) $1.73*
- US Single (ON to Midwest) $1.70*
- US Single (Open Board) $1.63*
- Canadian Team $1.66*
- Canadian Singles (AB to BC) $1.91*
- Canadian Singles (Open Board) $1.56*
- Hourly Waiting Pay
- Paid Meat Inspection

*Rates are based on the current fuel surcharge.

Company Drivers (Up to):
- US Single (ON to Midwest) $0.62
- US Single (Open Board) $0.54
- US Team $0.66
- Canadian Team $0.62
- Canadian Singles (AB to BC) $0.56
- Canadian Singles (Open Board) $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3

6015 Kestrel Rd, Mississauga, ON L5T 1S8



jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton 905-458-4733 (see Kamal)



SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile


Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

# ਵਿਖਾਵੇ ਦੇ ਚੋਣ ਸਰਵੇਖਣਾਂ ਤੋਂ ਮੰਦਰ ਲਈ ਮਰਨ-ਵਰਤ ਤੱਕ ਜੋ ਹੁੰਦਾ ਹੈ, ਦਿੱਸਦਾ ਨਹੀਂ



ਜਤਿੰਦਰ ਪੰਨੂ

ਬਹੁਤ ਦੇਰ ਪਹਿਲਾਂ ਇੱਕ ਵਿਅੰਗਕਾਰ ਨੇ ਕਿਹਾ ਸੀ ਕਿ ਭਾਰਤ ਦੀ ਖਾਸ ਗੱਲ ਹੀ ਇਹ ਹੈ ਕਿ ਏਥੇ ਜੋ ਹੁੰਦਾ ਹੈ, ਉਹ ਦਿਖਾਈ ਨਹੀਂ ਦੇਂਦਾ ਤੇ ਜੋ ਦਿਖਾਈ ਦੇਂਦਾ ਹੈ, ਉਹ ਅਸਲ ਵਿੱਚ ਹੁੰਦਾ ਜਾਂ ਹੋਇਆ ਨਹੀਂ ਹੁੰਦਾ। ਕਈ ਲੋਕ ਇਸ ਗੁੱਝੇ ਵਿਅੰਗ ਨੂੰ ਸਮਝ ਨਹੀਂ ਸਨ ਸਕੇ ਅਤੇ ਕਈ ਦਿਨ ਇਸ ਦੀ ਬਹਿਸ ਚੱਲਦੀ ਰਹੀ ਸੀ। ਆਖਰ ਇੱਕ ਦਿਨ ਵਿਸ਼ੇਸ਼ ਪ੍ਰੋਗਰਾਮ ਸਰਕਾਰੀ ਟੈਲੀਵੀਜ਼ਨ ਦੂਰਦਰਸ਼ਨ ਉੱਤੇ ਹੋਇਆ ਤਾਂ ਇੱਕ ਜਣੇ ਨੇ ਉਸ ਵਿਅੰਗਕਾਰ ਨੂੰ ਉਸ ਵਿਅੰਗ ਵਿੱਚ ਲੁਕੀ ਅਸਲੀਅਤ ਪੁੱਛ ਲਈ। ਵਿਅੰਗਕਾਰ ਨੇ ਹੱਸ ਕੇ ਕਿਹਾ ਸੀ ਕਿ ਤੁਸੀਂ ਕਬੀਰ ਜੀ ਨੂੰ ਨਹੀਂ ਸਮਝੇ ਸਕੇ ਤਾਂ ਮੈਨੂੰ ਵੀ ਨਹੀਂ ਸਮਝ ਸਕੋਗੇ, ਮੈਂ ਛੋਟਾ ਬੰਦਾ ਜੋ ਨਹੀਂ ਸਮਝਾ ਸਕਦਾ, ਉਹ ਸਮਝਾਉਣ ਦਾ ਯਤਨ ਕਬੀਰ ਜੀ ਛੇ ਸੌ ਸਾਲ ਪਹਿਲਾਂ ਕਰਦੇ ਰਹੇ ਸਨ। ਉਸ ਨੇ ਕਿਹਾ ਕਿ ਕਬੀਰ ਜੀ ਨੇ ਕਿਹਾ ਸੀ ਕਿ 'ਰੰਗੀ ਕੋ ਨਾਰੰਗੀ ਕਹੇ, ਬਨੇ ਦੂਧ ਕੋ ਖੋਇਆ, ਚਲਤੀ ਕੋ ਗਾੜੀ ਕਹੇ, ਦੇਖ ਕਬੀਰਾ ਰੋਇਆ' ਤਾਂ ਇਸ ਦਾ ਭਾਵ ਸੀ ਕਿ ਰੰਗਦਾਰ ਫਲ ਨੂੰ ਨਾਰੰਗੀ, ਯਾਨੀ ਰੰਗਹੀਣ, ਆਖਿਆ ਜਾ ਰਿਹਾ ਹੈ, ਰਿੱਝ ਕੇ ਵਧੀਆ ਬਣੇ ਦੁੱਧ ਨੂੰ ਖੋਇਆ (ਗਵਾਚ ਗਿਆ) ਕਿਹਾ ਜਾਂਦਾ ਹੈ ਅਤੇ ਕਿਸੇ ਚੱਲਦੀ ਹੋਈ ਚੀਜ਼ ਨੂੰ ਗੱਡੀ (ਜ਼ਮੀਨ ਵਿੱਚ ਗੱਡੀ ਹੋਈ) ਕਿਹਾ ਜਾਂਦਾ ਹੈ। ਇਹ ਭਾਰਤ ਦੀ ਪੁਰਾਣੀ ਰੀਤ ਹੈ। ਵਿਅੰਗਕਾਰ ਨੂੰ ਨਵਾਂ ਸਵਾਲ ਪੇਸ਼ ਹੋ ਗਿਆ ਕਿ ਇਹ ਅੱਜ ਦੇ ਯੁੱਗ ਨਾਲ ਕਿਵੇਂ ਮੇਲ ਕੇ ਵੇਖਿਆ ਜਾ ਸਕਦਾ ਹੈ ਤਾਂ ਉਸ ਨੇ ਕਿਹਾ ਸੀ ਕਿ ਤਾਜ਼ਾ ਗੱਲ ਨਹੀਂ ਦੱਸ ਸਕਦਾ, ਮੌਕੇ ਦੀ ਸਰਕਾਰ ਨਾਰਾਜ਼ ਹੋ ਜਾਵੇਗੀ, ਪਰ ਪੁਰਾਣੀ ਮਿਸਾਲ ਹੈ ਕਿ ਇੰਦਰਾ ਗਾਂਧੀ ਨੇ ਗਰੀਬੀ ਹਟਾਓ ਦਾ ਨਾਅਰਾ ਦਿੱਤਾ ਤੇ ਗਰੀਬੀ ਹੋਰ ਵਧਾ ਕੇ ਮੇਰੇ ਕਹਿਣ ਤੋਂ ਪਹਿਲਾਂ ਮੇਰੀ ਗੱਲ ਨੂੰ ਸੱਚੀ ਸਾਬਤ ਕਰ ਦਿੱਤਾ ਸੀ।

ਉਹ ਵਿਅੰਗਕਾਰ ਇਸ ਵਕਤ ਏਡਾ ਵਿਅੰਗ ਕਰਨ ਵਾਲੀ ਸਥਿਤੀ ਵਿੱਚ ਨਹੀਂ, ਬਜ਼ੁਰਗੀ ਹੰਢਾ ਰਿਹਾ ਹੈ, ਪਰ ਜੇ ਕਾਇਮ ਵੀ ਹੁੰਦਾ ਤਾਂ ਸ਼ਾਇਦ ਇਸ ਵਕਤ ਦੀ ਸਰਕਾਰ ਬਾਰੇ ਏਦੂੰ ਵੱਡੀ ਕੋਈ ਨਵੀਂ ਗੱਲ ਨਾ ਕਹਿ ਸਕਦਾ। ਸਚਾਈ ਇਹ ਹੈ ਕਿ ਇਸ ਵਕਤ ਵੀ ਜਦੋਂ ਭਾਰਤ ਦੀਆਂ ਆਮ ਚੋਣਾਂ ਸਿਰ ਉੱਤੇ ਹਨ, ਓਦੋਂ ਜੋ ਕੁਝ ਹੁੰਦਾ ਹੈ, ਉਹ ਲੁਕਾਇਆ ਜਾ ਰਿਹਾ ਹੈ ਤੇ ਜੋ ਹੁੰਦਾ ਨਹੀਂ ਤੇ ਸ਼ਾਇਦ ਹੋਣ ਵਾਲਾ ਵੀ ਨਹੀਂ, ਉਹ ਵਿਖਾਇਆ ਜਾ ਰਿਹਾ ਹੈ।

ਅਸੀਂ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਵੇਖਦੇ ਅਤੇ ਸੁਣਦੇ ਆਏ ਹਾਂ, ਹਾਲੇ ਵੀ ਕਦੇ-ਕਦੇ ਸੁਣ ਲੈਂਦੇ ਹਾਂ ਕਿ ਕਿਸੇ ਥਾਂ ਭੜਕੀ ਹੋਈ ਭੀੜ ਨੇ ਗਊ ਹੱਤਿਆ ਦੇ ਸ਼ੱਕ ਵਿੱਚ ਕੁਝ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਇੱਕ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਇਹੋ ਜਿਹਾ ਕੰਮ ਗੁੰਡਾ ਗੈਂਗ ਕਰਦੇ ਹਨ ਤੇ ਫਿਰ ਕੁਝ ਪੁਲਸ ਕਾਰਵਾਈ ਵੀ ਹੋਈ ਸੀ, ਪਰ ਬਾਅਦ ਵਿੱਚ ਇਹ ਪਤਾ ਲੱਗਾ ਕਿ ਕਾਰਵਾਈ ਕੁਝ ਚੋਣਵੇਂ ਕੇਸਾਂ ਵਿੱਚ ਸਿਰਫ ਓਥੇ ਹੋਈ, ਜਿੱਥੇ ਏਹੋ ਜਿਹਾ ਕੰਮ ਕਰਨ ਵਾਲੇ ਬੰਦੇ ਉਸ ਖਾਸ ਧਿਰ ਨਾਲ ਜੁੜੇ ਹੋਏ ਨਹੀਂ ਸਨ, ਜਿਸ ਦੇ ਇਸ਼ਾਰੇ ਉੱਤੇ ਇਹ ਕੁਝ ਗਿਣ-ਮਿਥ ਕੇ ਕਰਾਇਆ ਜਾਂਦਾ ਸੀ। ਆਪਣੇ ਆਪ ਗਊ-ਭਗਤ ਬਣ ਤੁਰੇ ਚਾਰ ਗੈਂਗਾਂ ਉੱਤੇ ਕਾਰਵਾਈ ਕਰ ਕੇ ਆਪਣੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਦੇ ਥਾਪੜੇ ਵਾਲਿਆਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਣ ਦਿੱਤਾ।

ਅੱਜ ਕੱਲ੍ਹ ਭਾਰਤ ਦੇ ਕਈ ਮੀਡੀਆ ਚੈਨਲਾਂ ਉੱਤੇ ਅਗੇਤੇ ਚੋਣ ਸਰਵੇਖਣ ਪੇਸ਼ ਕੀਤੇ ਜਾ ਰਹੇ ਹਨ। ਜਿਹੜੇ ਬੰਦੇ ਨੇ ਇਨ੍ਹਾਂ ਨੂੰ ਜ਼ਰਾ ਕੁ ਗਹੁ ਨਾਲ ਵੇਖਿਆ ਹੋਵੇ, ਉਹ ਇਸ ਗੱਲ ਕਰ ਕੇ ਹੈਰਾਨ ਹੋ ਸਕਦਾ ਹੈ ਕਿ ਜਿਹੜੇ ਚੈਨਲ ਪਿਛਲੇ ਮਹੀਨੇ ਤੱਕ ਇਹ ਕਹਿੰਦੇ ਸਨ ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਨੇ ਜਿੱਤਣਾ ਹੈ, ਉਹ ਇਸ ਮਹੀਨੇ ਦੇ ਚੜ੍ਹਦੇ ਸਾਰ ਕਾਂਗਰਸ ਨੂੰ ਹਰਾ ਕੇ ਭਾਜਪਾ ਨੂੰ ਜਿਤਾਉਣ ਦੇ ਸਰਵੇ ਵਿਖਾਈ ਜਾਂਦੇ ਹਨ। ਸਾਨੂੰ ਦਿੱਲੀ ਵਾਲੀਆਂ ਚੋਣਾਂ ਦਾ ਤਜਰਬਾ ਹੈ। ਓਥੇ ਵਿਧਾਨ ਸਭਾ ਚੋਣਾਂ ਵਿੱਚ ਇਹੋ ਖੇਡ ਖੇਡੀ ਗਈ ਸੀ। ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਤੱਕ ਸਾਰੇ ਚੈਨਲ ਭਾਜਪਾ ਤੇ ਆਮ ਆਦਮੀ ਪਾਰਟੀ ਦੀ ਗਹਿ-ਗੱਚ ਲੜਾਈ ਦੱਸ ਕੇ ਉੱਨੀ-ਇੱਕ ਦਾ ਫਰਕ ਦੱਸਦੇ ਤੇ ਬਹੁਤੇ ਭਾਜਪਾ ਨੂੰ ਵੱਧ ਸੀਟਾਂ ਦੇਂਦੇ ਸਨ। ਇੱਕ ਚੈਨਲ ਨੇ ਆਮ ਆਦਮੀ ਪਾਰਟੀ ਨੂੰ ਸਿਰਫ ਇੱਕੀ ਸੀਟਾਂ ਦਿੱਤੀਆਂ ਸਨ। ਅਗਲੇ ਦਿਨ ਜਦੋਂ ਵੋਟਾਂ ਪੈਣ ਦਾ ਕੰਮ ਹੋ ਗਿਆ, ਇਨ੍ਹਾਂ ਚੈਨਲਾਂ ਨੇ ਆਮ ਆਦਮੀ ਪਾਰਟੀ ਨੂੰ ਭਾਜਪਾ ਤੋਂ ਅੱਗੇ ਮੰਨਿਆ ਤੇ ਜਿਸ ਚੈਨਲ ਨੇ ਇੱਕ ਦਿਨ ਪਹਿਲਾਂ ਉਸ ਨੂੰ ਸਿਰਫ ਇੱਕੀ ਸੀਟਾਂ ਦਿੱਤੀਆਂ ਸਨ, ਉਸ ਇਕੱਲੇ ਚੈਨਲ ਨੇ ਕਿਹਾ ਸੀ ਕਿ ਭਾਜਪਾ ਬਹੁਤ ਪਿੱਛੇ ਹੈ ਤੇ ਆਮ ਆਦਮੀ ਪਾਰਟੀ ਦੀਆਂ ਸੀਟਾਂ ਪੰਜਾਹ ਤੋਂ ਵਧ ਕੇ ਪਚਵੰਜਾ ਵੀ ਹੋ ਸਕਦੀਆਂ ਹਨ। ਸਾਡੇ ਵਰਗੇ ਲੋਕਾਂ ਨੂੰ ਵੀ ਇਹ ਗੱਪ ਜਾਪਦੀ ਸੀ। ਜਦੋਂ ਨਤੀਜਾ ਆਇਆ ਤਾਂ ਆਮ ਆਦਮੀ ਪਾਰਟੀ ਸਤਾਹਠ ਸੀਟਾਂ ਲੈ ਗਈ। ਜਿਹੜੇ ਚੈਨਲ ਨੇ ਇੱਕ ਦਿਨ ਪਹਿਲਾਂ ਉਸ ਨੂੰ ਇੱਕੀ ਸੀਟਾਂ ਦਿੱਤੀਆਂ ਸਨ, ਵੋਟਾਂ ਪੈਂਦੇ ਸਾਰ ਉਹ ਉਸ ਨੂੰ ਪੰਜਾਹ-ਪਚਵੰਜਾ ਦੇਣ ਲਈ ਤਿਆਰ ਨਹੀਂ ਸੀ ਹੋਇਆ, ਉਸ ਨੂੰ ਪਹਿਲਾਂ ਵੀ ਸਥਿਤੀ ਦਾ ਪਤਾ ਸੀ, ਪਰ ਓਦੋਂ ਉਹ ਚੋਣ ਪ੍ਰਚਾਰ ਦਾ ਹਿੱਸਾ ਬਣ ਕੇ ਬੋਲਦਾ ਪਿਆ ਸੀ। ਇਹ ਕੰਮ ਇਸ ਵੇਲੇ ਤਿੰਨ ਰਾਜਾਂ ਦੀਆਂ ਚੋਣਾਂ ਵਾਸਤੇ ਵੀ ਹੁੰਦਾ ਹੋ ਸਕਦਾ ਹੈ।

ਦੂਸਰੀ ਗੱਲ ਇਹ ਕਿ ਪਿਛਲੇ ਹਫਤੇ ਉੱਤਰ ਪ੍ਰਦੇਸ਼ ਵਿੱਚ ਐਪਲ ਕੰਪਨੀ ਦੇ ਮੈਨੇਜਰ ਨੂੰ ਦੋ ਪੁਲਸ ਮੁਲਾਜ਼ਮਾਂ ਨੇ ਮਾਰ ਦਿੱਤਾ ਤੇ ਇਸ ਨੂੰ ਪੁਲਸ ਮੁਕਾ-ਬਲਾ ਬਣਾਉਣ ਦਾ ਯਤਨ ਕੀਤਾ ਗਿਆ। ਇਹ ਖੇਡ ਚੱਲ ਨਹੀਂ ਸਕੀ ਤਾਂ ਨਵਾਂ ਦਾਅ ਖੇਡਿਆ ਜਾ ਰਿਹਾ ਹੈ ਕਿ ਫਸ ਹੋਏ ਪੁਲਸ ਵਾਲੇ ਨੂੰ ਹੀਰੋ ਬਣਾ ਕੇ ਸਾਰੇ ਰਾਜ ਦੀ ਪੁਲਸ ਨੇ ਉਸ ਨਾਲ ਹਮਾਇਤ ਲਈ ਇੱਕ ਦਿਨ ਬਾਂਹਾਂ ਉੱਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਡਿਊਟੀ ਕੀਤੀ ਹੈ। ਕਿਸੇ ਡਿਸਿਪਲਿਨ ਵਾਲੀ ਫੋਰਸ ਵਿੱਚ ਇਹ ਇੱਕ ਤਰ੍ਹਾਂ ਦੀ ਬਾਗੀ ਕਾਰਵਾਈ ਹੁੰਦੀ ਹੈ ਤੇ ਇਸ ਕਾਰਨ ਨੌਕਰੀ ਤੋਂ ਕੱਢਣ ਤੱਕ ਦੇ ਹੁਕਮ ਜਾਰੀ ਕੀਤੇ ਜਾ ਸਕਦੇ ਹਨ, ਪਰ ਕੀਤੇ ਨਹੀਂ ਗਏ ਤੇ ਕਰਨੇ ਵੀ ਕਿਸੇ ਨਹੀਂ। ਇਹੋ ਨਹੀਂ, ਕੇਸ ਵਿੱਚ ਫਸੇ ਹੋਏ ਉਸ ਸਿਪਾਹੀ ਨਾਲ ਹਮਾਇਤ ਵਜੋਂ ਉਸ ਦੀ ਪਤਨੀ ਦਾ ਬੈਂਕ ਖਾਤਾ ਨੰਬਰ ਦੇ ਕੇ ਲੋਕਾਂ ਨੂੰ ਫੰਡ ਭੇਜਣ ਦੀ ਅਪੀਲ ਕੀਤੀ ਗਈ ਅਤੇ ਚੋਖਾ ਫੰਡ ਇਸ ਖਾਤੇ ਵਿੱਚ ਆ ਵੀ ਗਿਆ ਹੈ। ਇਸ ਪਿੱਛੇ ਇੱਕ ਖੇਡ ਹੋਰ ਦੱਸੀ ਜਾਂਦੀ ਹੈ। ਜਦੋਂ ਤੋਂ ਯੋਗੀ ਆਦਿੱਤਿਆਨਾਥ ਸਿੰਘ ਦੀ ਭਾਜਪਾ ਵਾਲੀ ਸਰਕਾਰ ਬਣੀ ਹੈ, ਉਸ ਦੇ ਪਹਿਲੇ ਇੱਕ ਸਾਲ ਵਿੱਚ ਬਾਰਾਂ ਸੌ ਤੋਂ ਵੱਧ ਪੁਲਸ ਮੁਕਾਬਲੇ ਹੋ ਜਾਣ ਦੀ ਚਰਚਾ ਆਮ ਸੁਣੀ ਜਾਣ ਲੱਗੀ ਸੀ। ਇੱਕ ਸਾਲ ਵਿੱਚ ਬਾਰਾਂ ਸੌ ਦਾ ਮਤਲਬ ਰੋਜ਼ ਦੇ ਤਿੰਨ-ਚਾਰ ਮੁਕਾਬਲੇ ਹੁੰਦਾ ਹੈ। ਉਸ ਰਾਜ ਵਿੱਚ ਜਾਣ ਵਾਲੇ ਲੋਕ ਦੱਸਦੇ ਹਨ ਕਿ ਅੱਜ ਕੱਲ੍ਹ ਰਾਤ ਵੇਲੇ ਆਮ ਲੋਕ ਸੜਕਾਂ ਉੱਤੇ ਨਹੀਂ ਨਿਕਲਦੇ ਕਿ ਕਿਸੇ ਦਾ ਮੁਕਾਬਲਾ ਬਣਦਾ ਪਿਆ ਹੋਇਆ ਤਾਂ ਇਸ ਨੂੰ ਅਸਲੀ ਦੱਸਣ ਲਈ ਕਰਾਸ ਫਾਇਰਿੰਗ ਦੇ ਬਹਾਨੇ ਸਾਡੀ ਜਾਨ ਹੀ ਨਾ ਲੈ ਲਈ ਜਾਵੇ। ਇੱਕ ਵੱਡੇ ਟੀ ਵੀ ਚੈਨਲ ਨੇ ਇਹੋ ਜਿਹੇ ਮੁਕਾਬਲੇ ਬਣਾਉਣ ਵਾਲੇ ਪੁਲਸ ਅਫਸਰਾਂ ਦੀ ਗੱਲਬਾਤ ਦਾ ਸਟਿੰਗ ਅਪਰੇਸ਼ਨ ਵਾਲਾ ਰਿਕਾਰਡ ਪੇਸ਼ ਕੀਤਾ ਸੀ, ਜਿਹੜੇ ਹਰ ਕਿਸਮ ਦੇ ਮੁਕਾਬਲੇ ਦਾ ਰੇਟ ਵੀ ਦੱਸਦੇ ਹਨ। ਮੁੱਖ ਮੰਤਰੀ ਦਾ ਬਿਆਨ ਆਇਆ ਸੀ ਕਿ ਕੁਝ ਲੋਕਾਂ ਨੂੰ ਸਿਰਫ ਪੁਲਸ ਮੁਕਾਬਲੇ ਦਿੱਸਦੇ ਹਨ, ਇਸ ਰਾਜ ਵਿੱਚ ਸ਼ਾਂਤੀ ਕਾਇਮ ਹੋਈ ਨਹੀਂ ਦਿੱਸਦੀ। ਜਿੱਦਾਂ ਦੀ ਸ਼ਾਂਤੀ ਕਬਰਾਂ ਵਿੱਚ ਹੁੰਦੀ ਹੈ, ਲਗਭਗ ਓਦਾਂ ਦੀ ਸ਼ਾਂਤੀ ਕਿਸੇ ਥਾਂ ਦਿੱਸ ਪਵੇ ਤਾਂ ਸਮਝਣਾ ਪੈਂਦਾ ਹੈ ਕਿ ਜੋ ਹੋ ਰਿਹਾ ਹੈ, ਉਹ ਮੁੱਖ ਮੰਤਰੀ ਨੇ ਨਹੀਂ ਮੰਨਣਾ ਤੇ ਜੋ ਮੁੱਖ ਮੰਤਰੀ ਦੱਸਦਾ ਹੈ, ਉਹ ਅਸਲ ਵਿੱਚ ਹੁੰਦਾ ਨਹੀਂ ਹੋਣਾ।

ਆਖਰੀ ਗੱਲ ਕਿ ਇਸ ਹਫਤੇ ਅਯੁੱਧਿਆ ਅੰਦੋਲਨ ਨਾਲ ਜੁੜੇ ਹੋਏ ਇੱਕ ਮਹੰਤ ਨੇ ਮਰਨ ਵਰਤ ਰੱਖ ਲਿਆ ਤੇ ਕਿਹਾ ਹੈ ਕਿ ਮੈਂ ਓਨੀ ਦੇਰ ਮਰਨ ਵਰਤ ਨਹੀਂ ਛੱਡਾਂਗਾ, ਜਦੋਂ ਤੱਕ ਨਰਿੰਦਰ ਮੋਦੀ ਏਥੇ ਰਾਮ ਲੱਲਾ ਦੇ ਦਰਸ਼ਨ ਕਰਨ ਨਹੀਂ ਆਉਂਦੇ ਤੇ ਰਾਮ ਮੰਦਰ ਬਣਾਉਣ ਦਾ ਐਲਾਨ ਨਹੀਂ ਕਰਦੇ। ਨਰਿੰਦਰ ਮੋਦੀ ਨੂੰ ਨਾ ਅਯੁੱਧਿਆ ਜਾਣ ਦੀ ਝਿਜਕ ਹੈ ਤੇ ਨਾ ਰਾਮ ਮੰਦਰ ਬਣਾਉਣ ਦੀ, ਪਰ ਕਿਸੇ ਖਾਸ ਤਰ੍ਹਾਂ ਦੀ ਯੋਜਨਾਬੰਦੀ ਤੋਂ ਬਿਨਾਂ ਉਹ ਓਥੇ ਚਲੇ ਜਾਣ ਤਾਂ ਅਸਲੀ ਗੱਲ ਨਹੀਂ ਬਣਨੀ। ਗੱਲ ਰਾਮ ਮੰਦਰ ਬਣਾਉਣ ਦੀ ਓਨੀ ਨਹੀਂ, ਜਿੰਨੀ ਇਹ ਹੈ ਕਿ ਰਾਮ ਮੰਦਰ ਬਹਾਨੇ ਵੋਟਾਂ ਲੈਣੀਆਂ ਹਨ। ਇਸ ਲਈ ਇਹ ਢੰਗ ਵਰਤਿਆ ਜਾ ਸਕਦਾ ਹੈ ਕਿ ਇੱਕ ਮਹੰਤ ਨੂੰ ਜਜ਼ਬਾਤੀ ਕਰ ਕੇ ਉਸ ਤੋਂ ਮਰਨ ਵਰਤ ਦਾ ਐਲਾਨ ਕਰਵਾ ਦਿੱਤਾ ਜਾਵੇ। ਫਿਰ ਸਾਰੇ ਦੇਸ਼ ਵਿੱਚ ਇਸ ਗੱਲ ਦਾ ਪ੍ਰਚਾਰ ਕੀਤਾ ਜਾਵੇ ਤੇ ਜਦੋਂ ਮੰਦਰ ਦਾ ਮੁੱਦਾ ਸੌ ਮੁੱਦਿਆਂ ਦਾ ਮੁੱਦਾ ਬਣਿਆ ਜਾਪਣ ਲੱਗ ਜਾਵੇ ਤੇ ਮਹਿੰਗਾਈ, ਗਰੀਬੀ, ਨੋਟਬੰਦੀ, ਬੇਰੁਜ਼ਗਾਰੀ ਸਾਰੇ ਮੁੱਦੇ ਪਿੱਛੇ ਧੱਕ ਦੇਵੇ ਤਾਂ ਪ੍ਰਧਾਨ ਮੰਤਰੀ ਮੋਦੀ ਸਾਹਿਬ ਅਯੁੱਧਿਆ ਜਾ ਕੇ ਉਹ ਐਲਾਨ ਕਰ ਦੇਣਗੇ, ਜਿਸ ਦੀ ਮੰਗ ਉਠਾਈ ਗਈ ਹੈ ਤੇ ਇੱਕ ਮਹੰਤ ਦਾ ਮਰਨ ਵਰਤ ਰਖਵਾਇਆ ਹੈ। ਅਸਲ ਵਿੱਚ ਮਹੰਤ ਦਾ ਮਰਨ ਵਰਤ ਚੋਣ-ਯੱਗ ਦਾ ਹਵਨ ਹੈ, ਵਿਖਾਵਾ ਮੰਦਰ ਉਸਾਰੀ ਕਰਨ ਦੀ ਮੰਗ ਦਾ ਕੀਤਾ ਗਿਆ ਹੈ। ਇਹ ਹਕੀਕਤ ਹੁੰਦੀ ਤਾਂ ਚਾਰ ਸਾਲ ਪਹਿਲਾਂ ਇਹੋ ਕੰਮ ਹੋ ਸਕਦਾ ਸੀ। ਏਥੇ ਏਦਾਂ ਹੀ ਹੁੰਦਾ ਹੈ। ਆਖਰ ਇਹ ਉਹ ਭਾਰਤ ਹੈ, ਜਿੱਥੇ ਜੋ ਕੁਝ ਹੁੰਦਾ ਹੈ, ਉਹ ਦਿਖਾਈ ਨਹੀਂ ਦੇਂਦਾ ਤੇ ਜਿਹੜਾ ਦਿਖਾਈ ਦੇਂਦਾ ਹੈ, ਉਹ ਹੁੰਦਾ ਹੀ ਨਹੀਂ। ਫਿਰ ਵੀ ਹੱਦੋਂ ਵੱਧ ਗੁੱਝੇ ਹਰ ਦਾਅ ਦੇ ਦੌਰ ਵਿੱਚ ਜਿਹੜੀ ਖੇਡ ਇਸ ਵਾਰੀ ਖੇਡੀ ਜਾ ਰਹੀ ਹੈ, ਉਹ ਕਿਸੇ ਵੀ ਪਿਛਲੇ ਦੌਰ ਤੋਂ ਵੱਧ ਭੁਚਲਾਊ ਹੋ ਸਕਦੀ ਹੈ, ਕਿਉਂਕਿ ਨੋਟਬੰਦੀ ਵਾਂਗ ਇਸ ਦੀ ਅਸਲੀਅਤ ਵੀ ਸਿਰਫ ਇੱਕ ਵਿਅਕਤੀ ਜਾਂ ਇੱਕ ਖਾਸ ਗਰੁੱਪ ਤੱਕ ਸੀਮਤ ਹੈ, ਸ਼ਾਇਦ ਨਾਲ ਤੁਰੀ ਫਿਰਦੀ ਟੀਮ ਨੂੰ ਵੀ ਪਤਾ ਨਹੀਂ।

# ਬਰਸਾਤ ਦੀ ਰਾਤ ਦੀ ਬਾਤ

-ਅਜਮੇਰ ਸਿੰਘ (ਡਾ.)

ਆਪਣੇ ਕਮਰੇ ਵਿੱਚ ਕੁਰਸੀ 'ਤੇ ਬੈਠਾ ਪੁਸਤਕ ਪੜ੍ਹ ਰਿਹਾ ਹਾਂ। ਪਿਛਲੇ ਦੋ ਦਿਨਾਂ ਤੋਂ ਲਗਾਤਾਰ ਕਦੇ ਹਲਕਾ ਅਤੇ ਕਦੇ ਭਾਰਾ ਮੀਂਹ ਪੈ ਰਿਹਾ ਹੈ। ਬਾਹਰ ਅੰਦਰ ਦੀ ਚਿੰਤਾ ਨਹੀਂ। ਪਤਾ ਨਹੀਂ ਕਿਵੇਂ ਮੈਨੂੰ ਬਚਪਨ ਸਮਾਂ ਯਾਦ ਆ ਗਿਆ। ਮੀਂਹ ਦੀ ਬਿੜਕ ਪੈਂਦਿਆਂ ਹੀ ਕੋਠੇ 'ਤੇ ਚੜ੍ਹ ਜਾਂਦੇ ਸਾਂ। ਛੱਤ ਚੋਣ ਤੋਂ ਬਚਾਉਣ ਲਈ ਜਿਥੇ ਵੀ ਕੀੜੀਆਂ ਦਾ ਭੌਣ ਨਜ਼ਰੀਂ ਪੈਂਦਾ, ਮਿੱਟੀ ਪਾ ਕੇ ਚੰਗੀ ਤਰ੍ਹਾਂ ਥਾਪੜ ਦਿੰਦੇ। ਜਦੋਂ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਤਾਂ ਵਾਛੜ ਨਾਲ ਦਰਵਾਜ਼ੇ ਦੀ ਸਰਦਲ ਦੇ ਅੰਦਰਵਾਰ ਬਣਾਈ ਹੋਈ ਡੂੰਘੀ ਥਾਂ ਵਿੱਚ ਜਮ੍ਹਾਂ ਹੋਏ ਪਾਣੀ ਨੂੰ ਕੁਲੰਜ ਕੇ ਬਾਹਰ ਸੁੱਟਣਾ ਮੇਰੀ ਪੱਕੀ ਡਿਊਟੀ ਹੁੰਦੀ ਸੀ। ਜਦੋਂ ਮੈਂ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਇਕ ਸ਼ਾਮ ਨੂੰ ਸੂਰਜ ਡੁੱਬਣ ਵੇਲੇ ਮੀਂਹ ਆ ਗਿਆ। ਮੈਂ ਅੰਦਰ ਬੈਠਾ ਦੀਵੇ ਦੀ ਰੋਸ਼ਨੀ ਵਿੱਚ ਸਕੂਲ ਦਾ ਕੰਮ ਕਰ ਰਿਹਾ ਸੀ। ਮੈਨੂੰ ਆਪਣੀ ਡਿਊਟੀ ਯਾਦ ਸੀ, ਪਰ ਪੜ੍ਹਨ ਵਿੱਚ ਇੰਨਾ ਕੁ ਰੁੱਝ ਗਿਆ ਕਿ ਪਾਣੀ ਕੁਲੰਜਣਾ ਭੁੱਲ ਗਿਆ ਅਤੇ ਪਾਣੀ ਹੌਲੀ-ਹੌਲੀ ਅੰਦਰ ਜਾ ਕੇ ਸਾਰੇ ਕੱਚੇ ਫਰਸ਼ 'ਤੇ ਫੈਲ ਗਿਆ। ਇੰਨੇ ਨੂੰ ਬੇਬੇ ਆ ਗਈ। ਜਦੋਂ ਉਹਨੇ ਰੌਲਾ ਪਾਇਆ ਤਾਂ ਮੈਂ ਭੱਜਾ-ਭੱਜਾ ਗਿਆ, ਜਮ੍ਹਾਂ ਹੋਏ ਪਾਣੀ ਨੂੰ ਗਲਾਸਾਂ ਵਿੱਚ ਭਰ-ਭਰ ਕੇ ਬਾਹਰ ਸੁੱਟਣ ਲੱਗ ਪਿਆ ਅਤੇ ਬੇਬੇ ਨੇ ਬੜੀ ਫੁਰਤੀ ਨਾਲ ਫਰਸ਼ 'ਤੇ ਫੈਲੇ ਪਾਣੀ ਨੂੰ ਆਪਣੇ ਬੁੱਕਾਂ ਨਾਲ ਇਕੱਠਾ ਕਰਕੇ ਬਾਲਟੀ ਵਿੱਚ ਪਾ ਕੇ ਬਾਹਰ ਵਿਹੜੇ ਵਿੱਚ ਸੁੱਟਿਆ। ਨੁਕਸਾਨ ਤਾਂ ਜਿੰਨਾ ਹੋਣਾ ਸੀ, ਹੋ ਚੁੱਕਾ ਸੀ। ਬਾਅਦ ਵਿੱਚ ਫਰਸ਼ 'ਤੇ ਕੀਤੀ ਮਿੱਟੀ ਦੀ ਲੇਈ ਫੁੱਲ ਕੇ ਉਖੜ ਗਈ। ਮੈਂ ਬੇਬੇ ਦੀਆਂ ਝਿੜਕਾਂ ਤੋਂ ਡਰਦਾ ਮੂੰਹ ਉਪਰ ਨਹੀਂ ਸੀ ਚੁੱਕ ਰਿਹਾ, ਪਰ ਉਸ ਨੇ ਸਿਰਫ ਇੰਨਾ ਹੀ ਕਿਹਾ, 'ਪੜ੍ਹਦੇ ਨੂੰ ਤਾਂ ਭਾਮੇਂ ਘੇਅ ਦਾ ਘੜਾ ਰੁੜ੍ਹ ਜਏ, ਤੂੰ ਆਲਾ ਦੁਆਲਾ ਨਾ ਦੇਖੀਂ ਕਦੇ।'

ਬੇਬੇ ਅਜੇ ਇਸ ਕੰਮ ਤੋਂ ਵਿਹਲੀ ਹੋਈ ਸੀ ਕਿ ਬਾਹਰੋਂ ਜ਼ੋਰ ਦੀ ਆਵਾਜ਼ ਆਈ। ਉਹ ਉਸੇ ਵਕਤ ਹਵੇਲੀ ਵੱਲ ਭੱਜੀ। ਉਸ ਨੂੰ ਡਰ ਸੀ ਕਿ ਕਿਤੇ ਹਵੇਲੀ ਦੀ ਕੱਚੀ ਕੰਧ ਡਿੱਗ ਨਾ ਪਈ ਹੋਵੇ, ਜਿਸ ਦੇ ਅੰਦਰ ਪਸ਼ੂ ਬੰਨ੍ਹੇ ਹੋਏ ਸਨ। ਥੋੜ੍ਹੀ ਦੇਰ ਬਾਅਦ ਉਹ ਇਹ ਬੋਲਦੀ ਮੁੜ ਆਈ, 'ਸ਼ੁਕਰ ਆ ਰੱਬਾ, ਮਿਹਰ ਕਰੀਂ। ਕਿਤੇ ਠੀਕ ਠਾਕ ਬਰਸਾਤ ਲੰਘ ਜਾਵੇ, ਮੈਨੂੰ ਤਾਂ ਆਪਣੀ ਸੂਣ ਵਾਲੀ ਮੱਝ ਦਾ ਫਿਕਰ ਆ।'

ਸਵੇਰ ਨੂੰ ਜਦੋਂ ਘਰੋਂ ਬਾਹਰ ਨਿਕਲ ਕੇ ਦੇਖਿਆ ਤਾਂ ਸਾਰੀ ਗਲੀ ਪਾਣੀ ਨਾਲ ਭਰੀ ਪਈ ਸੀ ਅਤੇ ਪਾਣੀ ਘਰਾਂ ਦੇ ਅੰਦਰ ਵੜ ਰਿਹਾ ਸੀ। ਉਦੋਂ ਬਾਹਰੋਂ ਆਈ ਆਵਾਜ਼ ਗਆਂਢੀਆਂ ਦੇ ਕੋਠੇ ਦੀ ਕੰਧ ਦੇ ਲੇਅ ਡਿੱਗਣ ਦੀ ਸੀ, ਜਿਸ ਨੇ ਗਲੀ ਦਾ ਪਾਣੀ ਰੋਕ ਦਿੱਤਾ ਸੀ।

ਸਾਰੀ ਰਾਤ ਮੀਂਹ ਪੈਂਦਾ ਰਿਹਾ। ਘਰ ਦੀ ਛੱਤ ਚੋਣ ਲੱਗ ਪਈ। ਭਿੱਜਣ ਤੋਂ ਬਚਣ ਲਈ ਅਸੀਂ ਮੰਜੇ ਕਦੇ ਕਿਸੇ ਪਾਸੇ ਕਰਦੇ, ਕਦੇ ਕਿਸੇ ਪਾਸੇ। ਪਹਿਲਾਂ ਛੱਤ 'ਚੋਂ ਪਾਣੀ ਥੋੜ੍ਹਾ-ਥੋੜ੍ਹਾ ਤੁਪਕਦਾ ਸੀ, ਜਿਉਂ-ਜਿਉਂ ਮੀਂਹ ਤੇਜ਼ ਹੋਣ ਲੱਗਾ, ਛੱਤ 'ਚੋਂ ਧਰਾਲੇ ਵਗਣ ਲੱਗੇ। ਫਿਰ ਸਾਰੀ ਛੱਤ ਚੋਣ ਲੱਗ ਪਈ। ਛੱਤ ਤੋਂ ਡਿੱਗਦੇ ਪਾਣੀ ਨੂੰ ਇਕੱਠਾ ਕਰਨ ਲਈ ਪਹਿਲਾਂ ਬਾਲਟੀਆਂ ਰੱਖੀਆਂ, ਫਿਰ ਪਤੀਲੇ, ਫਿਰ ਗੜਵੀਆਂ, ਫਿਰ ਥਾਲੀਆਂ, ਫਿਰ ਗਲਾਸ ਅਤੇ ਆਖਰ ਕੌਲੀਆਂ ਦੀ ਵਾਰੀ ਆ ਗਈ। ਅਸੀਂ ਵਾਰ-ਵਾਰ ਪਾਣੀ ਡੋਲ੍ਹ ਕੇ ਬਰਤਨ ਖਾਲੀ ਕਰਦੇ ਤੇ ਫਿਰ ਪਹਿਲਾਂ ਵਾਲੀ ਥਾਂ ਰੱਖ ਦਿੰਦੇ। ਇੰਨਾ ਕੁਝ ਕਰਨ ਦੇ ਬਾਵਜੂਦ ਸਾਰਾ ਅੰਦਰ ਚਿੱਕੜ ਨਾਲ ਭਰ ਗਿਆ। ਅਸੀਂ ਸਾਰੀ ਰਾਤ ਨਹੀਂ ਸੁੱਤੇ ਅਤੇ ਤੜਕੇ ਨੀਂਦ ਨਾਲ ਊਂਘਣ ਲੱਗ ਪਏ। ਅਜੇ ਇੰਨਾ ਸ਼ੁਕਰ ਰਿਹਾ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਮੀਂਹ ਬੰਦ ਹੋ ਗਿਆ ਅਤੇ ਸਾਨੂੰ ਸੁਖ ਦਾ ਸਾਹ ਆਇਆ।

ਉਦੋਂ ਸਾਨੂੰ ਇਹ ਸਭ ਕੁਝ ਅਜੀਬ ਨਹੀਂ ਲੱਗਾ ਕਿਉਂਕਿ ਤਕਰੀਬਨ ਪਿੰਡ ਦੇ ਸਾਰੇ ਲੋਕਾਂ ਨਾਲ ਇਹ ਵਾਪਰਿਆ ਸੀ, ਪਰ ਅੱਜ ਸੋਚਦਿਆਂ ਵੀ ਡਰ ਲੱਗਦਾ ਹੈ। ਸੋਚਦਾ ਹਾਂ ਕਿ ਜ਼ਮਾਨਾ ਕਿੰਨਾ ਬਦਲ ਗਿਆ? ਵਿਗਿਆਨ ਨੇ ਮਨੁੱਖ ਨੂੰ ਪਦਾਰਥਿਕ ਸਹੂਲਤਾਂ ਨਾਲ ਮਾਲੋਮਾਲ ਕਰ ਦਿੱਤਾ ਹੈ। ਪਿੰਡ ਜਾ ਕੇ ਦੇਖਦਾ ਹਾਂ, ਕੋਈ ਮਕਾਨ, ਵਿਹਲਾ, ਗਲੀ ਤੇ ਫਿਰਨੀ ਕੱਚੀ ਨਹੀਂ। ਕਿਸੇ ਅੱਜ ਦੇ ਨੌਜਵਾਨ ਜਾਂ ਬੱਚੇ ਨੂੰ ਕੀ ਪਤਾ ਚੋਣਾ, ਤੁਪਕਣਾ, ਕੁਲਜਣਾ, ਲੇਈ ਅਤੇ ਧਰਾਲੇ ਕੀ ਹੁੰਦੇ ਹਨ। ਉਹ ਤਾਂ ਮੀਂਹ ਨੂੰ ਅੰਦਰ ਬੈਠ ਕੇ ਟੀ ਵੀ ਜਾਂ ਮੋਬਾਈਲ 'ਤੇ ਫਿਲਮਾਂ ਦੇਖਦਿਆਂ ਹੀ ਮਾਣਦੇ ਹਨ।

FREDERICK BANTING
INTERNATIONAL SCHOOL

- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8





- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




COVENTRY CAMPUS
21 Coventry Rd, Brampton, Ontario L6T 4V7
Phone: 647-407-4600

FREDERICK BANTING INTERNATIONAL SCHOOL

WWW.FBI.SCHOOL | INFO@FBS.SCHOOL

HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

Avro Transport Inc.

Owner Operator/Single Drives & Team Drivers ਦੀ ਲੋੜ ਹੈ

Toronto to Montreal, Midwest & USA

Brand New Truck's Available

For Owner Operator:- $1.55
*Plates + Insurance + Tolls will be paid by Company

For Drivers:- $0.58 + $0.02
*Safety Bonus
For Team Drivers:- $0.70



ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS

ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8

Avtar Singh Tiwana
Sales Rep.




Darcel/Brandon Gate

ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।





Chinguacousy/Sandalwood

5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
Photo Not Available
$3,249,000

Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




Bramalea/Sandalwood

4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੌਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ



# ਲੰਬੀ ਰੈਲੀ ਵਿੱਚ ਅਮਰਿੰਦਰ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਗਿਣਾ ਕੇ ਬਾਦਲਾਂ ਨੂੰ ਨੌਲਿਆ

### * ਲੋਕ ਸਭਾ ਚੋਣਾਂ ਲਈ ਕਾਂਗਰਸ ਦੀ ਮੁਹਿੰਮ ਦਾ ਚੱਕਾ ਬੰਨ੍ਹਿਆ ਗਿਆ

ਲੰਬੀ, 8 ਅਕਤੂਬਰ, (ਪੋਸਟ ਬਿਊਰੋ)- ਬਾਦਲ ਪਰਵਾਰ ਦੀ ਰਾਜਨੀਤੀ ਦਾ ਗੜ੍ਹ ਗਿਣੇ ਜਾਂਦੇ ਲੰਬੀ ਤੋਂ ਅੱਜ ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੀ ਇਸ ਰੈਲੀ ਵਿੱਚ ਇਸ ਰਾਜ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਕਾਂ-ਗਰਸ ਨੂੰ ਜਿਤਾ ਕੇ ਪਾਰਟੀ ਨੂੰ ਦੇਸ਼ ਦੀ ਸੇਵਾ ਦਾ ਮੌਕਾ ਦੇਣ ਲਈ ਸੱਦਾ ਦਿੱਤਾ। ਰਿਕਾਰਡ ਤੋੜ ਇਕੱਠ ਦੇ ਪ੍ਰਭਾਵ ਵਾਲੀ ਇਸ ਰੈਲੀ ਵਿੱਚ ਨਵਾਂ ਕੋਈ ਐਲਾਨ ਨਹੀਂ ਕੀਤਾ ਗਿਆ, ਪਰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਸ਼ਿਆਂ, ਬੇਰੁਜ਼ਗਾਰੀ, ਕਿਸਾਨੀ ਕਰਜ਼ੇ ਬਾਰੇ ਆਪਣੀ ਸਰਕਾਰ ਦੀ ਡੇਢ ਸਾਲ ਦੀ ਰਿਪੋਰਟ ਪੇਸ਼ ਕੀਤੀ ਤੇ ਬਾਦਲਾਂ ਉੱਤੇ ਪੰਥਕ ਅਤੇ ਸਿਆਸੀ ਪੱਖ ਤੋਂ ਤਿੱਖੇ ਸਿਆਸੀ ਹਮਲੇ ਕੀਤੇ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਕਾਂਗਰਸ ਦਾ ਮਿਸ਼ਨ-13 ਪੋਸਟਰ ਜਾਰੀ ਕੀਤਾ, ਪਰ ਇਸ ਹਲਕੇ ਵਿੱਚ ਪ੍ਰਕਾਸ਼ ਸਿੰਘ ਬਾਦਲ ਨੂੰ ਤਿੰਨ ਵਾਰ ਫਸਵੀਂ ਚੋਣ ਟੱਕਰ ਦੇ ਚੁੱਕੇ ਕਾਂਗਰਸੀ ਆਗੂ ਮਹੇਸ਼ਇੰਦਰ ਸਿੰਘ ਬਾਦਲ ਦੀ ਗੈਰ-ਹਾਜ਼ਰੀ ਵਰਕਰਾਂ ਤੇ ਆਗੂਆਂ ਨੂੰ ਰੜਕਦੀ ਰਹੀ।



ਬਰਗਾੜੀ ਦੇ ਸਭ ਤੋਂ ਵੱਧ ਚਰਚਿਤ ਬੇਅਦਬੀ ਕਾਂਡ ਅਤੇ ਉਸ ਪਿੱਛੋਂ ਪੁਲੀਸ ਗੋਲੀਬਾਰੀ ਦੀਆਂ ਘਟਨਾਵਾਂ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਾਦਲਾਂ ਨੂੰ ਕੋਰਾ ਝੂਠ ਬੋਲਣ ਵਾਲੇ ਦੱਸ ਕੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਹਨ ਕਿ ਉਹ ਇਸ ਘਟਨਾਕ੍ਰਮ ਵੇਲੇ ਸੁੱਤੇ ਹੋਏ ਸਨ, ਪਰ ਓਦੋਂ ਦੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੇ ਜਸਟਿਸ ਰਣਜੀਤ ਸਿੰਘ ਜਾਂਚ ਕਮਿਸ਼ਨ ਨੂੰ ਦਿੱਤੇ ਬਿਆਨ ਵਿੱਚ ਬਾਦਲ ਦੇ ਝੂਠ ਦਾ ਪਰਦਾ ਫਾਸ਼ ਕਰ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਡੀ ਜੀ ਪੀ ਨੇ ਉਸ ਰਾਤ 2 ਵਜੇ ਮੁੱਖ ਮੰਤਰੀ ਬਾਦਲ ਨਾਲ ਗੱਲਬਾਤ ਕੀਤੀ ਤੇ ਉਸ ਤੋਂ ਬਾਅਦ ਆਪਣੇ ਆਈ ਜੀ ਨਾਲ 22 ਵਾਰ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਬਾਦਲ ਪਿਉ-ਪੁੱਤ ਨੂੰ ਨਸ਼ਿਆਂ ਨਾਲ ਬਰਬਾਦ ਹੁੰਦੀ ਨੌਜਵਾਨ ਪੀੜ੍ਹੀ ਦਾ ਪਤਾ ਨਾ ਹੋਣਾ ਸ਼ਰਮ ਦੀ ਗੱਲ ਸੀ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਡੇਢ ਸਾਲ ਵਿੱਚ ਕਾਂਗਰਸ ਸਰਕਾਰ ਦੇ ਕੀਤੇ ਕੰਮਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਕਾਲੀਆਂ ਦਾ 10 ਸਾਲਾ ਸਮਾਂ ਕੁਸ਼ਾਸਨ ਸੀ। ਉਨ੍ਹਾਂ ਨੇ ਬਾਦਲ ਵੱਲੋਂ ਬੇਅਦਬੀ ਤੇ ਗੋਲੀਬਾਰੀ ਦੇ ਕੇਸਾਂ ਦੀ ਜਾਂਚ ਲਈ ਬਣਾਏ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਲਾਗੂ ਨਾ ਕਰਨ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਹ ਬਾਦਲਾਂ ਜਾਂ ਕਿਸੇ ਹੋਰ ਬਾਰੇ ਬਦਲਾਖੋਰੀ ਨਹੀਂ ਕਰਨਗੇ, ਪਰ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਵਿੱਚ ਜਿਹੜਾ ਦੋਸ਼ੀ ਪਾਇਆ ਗਿਆ, ਉਸ ਨੂੰ ਕਾਨੂੰਨੀ ਸਜ਼ਾ ਜ਼ਰੂਰ ਮਿਲੇਗੀ।

ਅਕਾਲੀ-ਭਾਜਪਾ ਸਰਕਾਰ ਵੱਲੋਂ ਕਰਜ਼ੇ ਮਾਰੇ ਕਿਸਾਨਾਂ ਦੀ ਸਾਰ ਨਾ ਲੈਣ ਦੀ ਨਿੰਦਾ ਕਰਦਿਆਂ ਅਮਰਿੰਦਰ ਸਿੰਘ ਨੇ ਕਿਹਾ ਕਿ 10.25 ਲੱਖ ਕਿਸਾਨਾਂ ਦਾ ਦੋ-ਦੋ ਲੱਖ ਰੁਪਏ ਤੱਕ ਫਸਲੀ ਕਰਜ਼ਾ ਮੁਆਫ਼ ਕਰ ਕੇ ਕਾਂਗਰਸ ਸਰਕਾਰ ਨੇ 3,37,214 ਕਿਸਾਨਾਂ ਨੂੰ 2179 ਕਰੋੜ ਰੁਪਏ ਕਰਜ਼ਾ ਰਾਹਤ ਦਿੱਤੀ ਹੈ ਤੇ ਇਸ ਸਾਲ ਦੇ ਅਖੀਰ ਤੱਕ ਸਾਰੇ 10.5 ਲੱਖ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਕਰਜ਼ਾ ਮੁਆਫੀ ਦਾ ਲਾਭ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਲ 2017 ਵਿੱਚ ਪਿਛਲੇ ਸਮੇਂ ਤੋਂ ਅਨਾਜ ਦੀ ਖ਼ਰੀਦ 36 ਫੀਸਦੀ ਵੱਧ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਡੇਢ ਸਾਲ ਵਿੱਚ 3,93,320 ਨੌਜਵਾਨਾਂ ਨੂੰ ਨੌਕਰੀ ਜਾਂ ਸਵੈ-ਰੋਜ਼ਗਾਰ ਦੇ ਮੌਕੇ ਦਿੱਤੇ ਹਨ, ਜਦ ਕਿ ਅਕਾਲੀਆਂ ਨੇ ਨਿੱਜੀ ਏਜੰਡੇ ਹੇਠ ਟਰਾਂਸਪੋਰਟ, ਮੀਡੀਆ, ਰੇਤਾ ਅਤੇ ਬੱਜਰੀ ਦੇ ਕਾਰੋਬਾਰ ਦੀ ਅਜਾਰੇਦਾਰੀ ਬਣਾ ਕੇ ਸੂਬੇ ਦੀ ਆਰਥਿਕਤਾ ਤਬਾਹ ਕਰ ਦਿੱਤੀ ਸੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਪ੍ਰਕਾਸ਼ ਸਿੰਘ ਬਾਦਲ 'ਤੇ ਹਮਲਾ ਕਰਦਿਆਂ ਕਿਹਾ ਕਿ ਆਪਣੀ ਸੌੜੀ ਸੋਚ ਨਾਲ ਉਹ ਪੰਜਾਬ ਦੀ ਭਾਈਚਾਰਕ ਏਕਤਾ ਲਈ ਖਤਰਾ ਖੜ੍ਹਾ ਕਰ ਰਹੇ ਹਨ। ਉਨ੍ਹਾਂ ਬਾਦਲ 'ਤੇ ਦੋਸ਼ ਲਾਇਆ ਕਿ ਉਹ ਪੁੱਤਰ-ਮੋਹ 'ਚ ਆ ਕੇ ਸੁਖਬੀਰ ਸਿੰਘ ਨੂੰ ਬਚਾਉਣ ਦੇ ਯਤਨ ਕਰ ਰਹੇ ਹਨ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਰਾਜ ਵੇਲੇ ਤੋਂ ਸੇਵਾ ਕੇਂਦਰਾਂ ਦੇ ਨਾਂ ਉੱਤੇ ਲੁਟਾਏ ਜਾ ਰਹੇ 1450 ਕਰੋੜ ਬਚਾਉਣ ਦਾ ਮੁੱਢ ਕਾਂਗਰਸ ਸਰਕਾਰ ਨੇ ਬੰਨ੍ਹਿਆ ਅਤੇ 250 ਕਰੋੜ ਰੁਪਏ ਇਨ੍ਹਾਂ ਸੇਵਾ ਕੇਂਦਰਾਂ ਤੋਂ ਖਜ਼ਾਨੇ ਨੂੰ ਦਿੱਤੇ ਹਨ। ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਦੇ ਕਾਂਗਰਸੀਆਂ ਦਾ ਦਰਦ ਦੱਸ ਕੇ ਅਣਖ ਦੀ ਲੜਾਈ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਸਾਥ ਦੇਣ ਦਾ ਐਲਾਨ ਕੀਤਾ। ਗਿੱਦੜਬਾਹਾ ਹਲਕੇ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਾਦਲਾਂ ਨੂੰ ਵਿਰੁੱਧ ਕੌੜ ਕੱਢਦੇ ਹੋਏ ਕਿਹਾ ਕਿ ਉਹ ਸੂਬੇ 'ਚ ਬੇਅਦਬੀ ਦੀਆਂ ਘਟਨਾਵਾਂ ਦੇ ਜ਼ਿੰਮੇਵਾਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਸੀ ਕਰ ਸਕੇ। ਇਸ ਮੌਕੇ ਕੁੱਲ ਹਿੰਦ ਕਾਂਗਰਸ ਦੇ ਸਕੱਤਰ ਹਰੀਸ਼ ਚੌਧਰੀ, ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਮਾਲ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ, ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਪਸ਼ੂ ਪਾਲਣ ਮੰਤਰੀ ਬਲਬੀਰ ਸਿੰਘ ਸਿੱਧੂ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਜਾਇਬ ਸਿੰਘ ਭੱਟੀ, ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਤੇ ਗੁਰਜੀਤ ਸਿੰਘ ਔਜਲਾ ਹਾਜ਼ਰ ਸਨ।

# ਅਸੀਂ ਕਾਂਗਰਸ ਨੂੰ ਗੁਰ-ਧਾਮਾਂ ਉੱਤੇ ਕਬਜ਼ੇ ਨਹੀਂ ਕਰਨ ਦੇਣੇ: ਬਾਦਲ

ਪਟਿਆਲਾ, 8 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪੁਰਾਣੀ ਰੱਟ ਅੱਜ ਇੱਕ ਫਿਰ ਦੁਹਰਾਈ ਕਿ ਸਿੱਖਾਂ ਦੀ ਦੁਸ਼ਮਣ ਕਾਂ-ਗਰਸ ਪਾਰਟੀ ਨੂੰ ਖਾਲਸਾ ਪੰਥ ਸਿੱਖ ਗੁਰਧਾਮਾਂ ਉੱਤੇ ਕਬਜ਼ੇ ਕਰਨ ਅਤੇ ਸਿੱਖ ਕੌਮ ਦੀ ਤਕਦੀਰ ਦੇ ਫੈਸਲੇ ਕਰਨ ਦੀ ਆਗਿਆ ਨਹੀਂ ਦੇਵੇਗਾ। ਅੱਜ ਦੀ ਰੈਲੀ ਵਿੱਚ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਮਾਝੇ ਦੇ ਤਿੰਨ ਵੱਡੇ ਆਗੂਆਂ ਦੀ ਗ਼ੈਰ ਹਾਜ਼ਰੀ ਰੜਕਦੀ ਰਹੀ।

ਪਟਿਆਲਾ ਵਿੱਚ ਕੀਤੀ 'ਜਬਰ ਵਿਰੋਧੀ' ਰੈਲੀ ਵਿੱਚ ਲੋਕਾਂ ਦੇ ਵੱਡੇ ਇਕੱਠ ਸਾਹਮਣੇ ਬੋਲਦੇ ਹੋਏ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਬੇਅਦਬੀ ਮੁੱਦੇ ਉੱਤੇ ਅਕਾਲੀ ਦਲ ਦੇ ਖ਼ਿਲਾਫ਼ ਲੱਗਦੇ ਦੋਸ਼ ਕਾਂਗਰਸ ਪਾਰਟੀ ਦੀ ਸਿੱਖ ਗੁਰਧਾਮਾਂ ਉੱਤੇ ਕਬਜ਼ੇ ਦੀ ਸਾਜ਼ਿਸ਼ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਇਰਾਦਾ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਨ ਵਾਲਿਆਂ ਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਕਲੀਨ ਚਿਟ ਦੇਣਾ ਹੈ। ਵੱਡੇ ਬਾਦਲ ਨੇ ਕਿਹਾ ਕਿ ਖੁਦ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਗੁਰਧਾਮਾਂ ਉੱਤੇ ਕਬਜ਼ੇ ਕਰਨ ਦੀ ਨੀਤ ਦਾ ਜਨਤਕ ਐਲਾਨ ਕਰ ਕੇ ਓਹਲਾ ਨਹੀਂ ਰਹਿਣ ਦਿੱਤਾ। ਮੁਤਵਾਜ਼ੀ ਜਥੇਦਾਰਾਂ ਤੇ ਪੰਥਕ ਆਗੂਆਂ ਬਾਰੇ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਖੁਲਾਸੇ ਤੋਂ ਸਾਬਤ ਹੁੰਦਾ ਹੈ ਕਿ ਅਖੌਤੀ ਸਿੱਖ ਜਥੇਬੰਦੀਆਂ ਵੀ ਕਾਂਗਰਸ ਨਾਲ ਰਲੀਆਂ ਹਨ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਜਾ ਦਾ ਦੋਸ਼ ਲਾ ਕੇ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਲੋਕਾਂ ਨਾਲ ਵੱਡਾ ਵਿਸ਼ਵਾਸ਼ ਘਾਤ ਹੋਇਆ ਹੈ। ਉਨ੍ਹਾਂ ਨੇ ਅਮਰਿੰਦਰ ਸਿੰਘ ਨੂੰ 'ਹਿਟਲਰ' ਵੀ ਕਹਿ ਦਿੱਤਾ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਅਸਲੀ ਦੈਂਤ ਉਹ ਸਨ, ਜਿਨ੍ਹਾਂ ਨੇ ਬਰਗਾੜੀ ਵਿਖੇ ਬੇਅਦਬੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਸਭ ਤੋਂ ਵੱਧ ਦੁੱਖ ਅਕਾਲੀ ਦਲ ਨੂੰ ਹੋਇਆ ਸੀ ਤੇ ਕਾਂਗਰਸ ਨੇ ਇਸ ਘਟਨਾ ਦੀ ਵਰਤੋਂ ਉਨ੍ਹਾਂ ਨੂੰ ਬਦਨਾਮ ਕਰਨ ਲਈ ਕੀਤੀ ਅਤੇ ਉਨ੍ਹਾਂ ਲੋਕਾਂ ਨਾਲ ਜੁੰਡੀ ਬਣਾਈ ਹੈ, ਜਿਹੜੇ ਧਰਮ ਦੇ ਨਾਂ ਉੱਤੇ ਪੈਸੇ ਇਕੱਠੇ ਕਰਨ ਲਈ ਪੰਥ ਦੀ ਵਰਤੋਂ ਕਰਦੇ ਹਨ। ਆਮ ਆਦਮੀ ਪਾਰਟੀ ਦੇ ਬਾਗੀ ਆਗੂ ਸੁਖਪਾਲ ਸਿੰਘ ਖਹਿਰਾ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਸ ਦੇ ਮਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਤਿਕਾਰ ਨਹੀਂ, ਉਹ ਸਿਰਫ ਪੈਸੇ ਕਮਾਉਣ ਦੇ ਲਾਲਚ ਵਿਚ ਬਰਗਾੜੀ ਗਿਆ ਸੀ।

# ਰੈਸਟੋਰੈਂਟ ਵਿੱਚ ਅੱਗ ਲੱਗੀ, ਰਾਤ ਕੱਟਣ ਲਈ ਆਏ ਕੁੜੀ-ਮੁੰਡੇ ਦੀ ਮੌਤ

ਦੋਰਾਹਾ, 8 ਅਕਤੂਬਰ (ਪੋਸਟ ਬਿਊਰੋ)- ਜੀ ਟੀ ਰੋਡ ਉੱਤੇ ਇੱਕ ਰੈਸਟੋਰੈਂਟ ਅਤੇ ਬੀਅਰ ਬਾਰ ਵਿੱਚ ਬੀਤੀ ਰਾਤ ਅੱਗ ਲੱਗ ਗਈ ਅਤੇ ਇਮਾਰਤ ਦੀਆਂ ਤਿੰਨ ਮੰਜ਼ਿਲਾਂ ਤਾਈਂ ਫੈਲ ਗਈ। ਇਸ ਦੌਰਾਨ ਰੈਸਟੋਰੈਂਟ ਵਿੱਚ ਰਾਤ ਕੱਟਣ ਦੇ ਲਈ ਰੁਕੇ ਮੁੰਡੇ-ਕੁੜੀ ਦੀ ਦਮ ਘੁੱਟਣ ਨਾਲ ਮੌਤ ਹੋ ਗਈ।



ਪਤਾ ਲੱਗਾ ਹੈ ਕਿ ਦੋਰਾਹਾ ਜੀ ਟੀ ਰੋਡ ਉਤੇ ਰੈਸਟੋਰੈਂਟ ਤੇ ਬੀਅਰ ਬਾਰ ਵਿੱਚ ਕੱਲ੍ਹ ਰਾਤ ਕਰੀਬ ਦੋ ਵਾਰ ਸ਼ਾਰਟ ਸਰਕਟ ਹੋ ਜਾਣ ਨਾਲ ਅੱਗ ਲੱਗ ਗਈ ਸੀ। ਰੈਸਟੋਰੈਂਟ ਦਾ ਸ਼ਟਰ ਬੰਦ ਹੋਣ ਕਾਰਨ ਪਹਿਲਾਂ ਅੱਗ ਦਾ ਪਤਾ ਨਹੀਂ ਲੱਗਾ। ਜਦੋਂ ਅੱਗ ਦਾ ਧੂੰਆਂ ਬਾਹਰ ਨਿਕਲਿਆ ਤਾਂ ਚੌਕੀਦਾਰ ਨੇ ਮਾਲਕ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪੁੱਜੇ ਮਾਲਕ ਸੋਨੂੰ ਚੀਮਾ ਨੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਤੇ ਫਾਇਰ ਬ੍ਰਿਗੇਡ ਨੂੰ ਫੋਨ ਕੀਤਾ। ਬੀਅਰ ਬਾਰ ਤੋਂ ਲੈ ਕੇ ਤੀਜੀ ਮੰਜ਼ਿਲ ਤੱਕ ਅੱਗ ਨੇ ਰੈਸਟੋਰੈਂਟ ਨੂੰ ਰਾਖ ਬਣਾ ਦਿੱਤਾ। ਕੁਝ ਸਮੇਂ ਦੌਰਾਨ ਅੱਗ ਇੰਨੀ ਭੜਕ ਜਾਣ ਦਾ ਬੀਅਰ ਬਾਰ ਵਿੱਚ ਪਈ ਸ਼ਰਾਬ ਨੂੰ ਮੰਨਿਆ ਜਾ ਰਿਹਾ ਹੈ ਜਿਸ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ। ਰੈਸਟੋਰੈਂਟ ਮੈਨੇਜਰ ਮੁਤਾ-ਬਕ ਨੌਜਵਾਨ ਦਲਜਿੰਦਰ ਸਿੰਘ ਵਾਸੀ ਘਮੋਟ ਕਲਾਂ ਤਹਿਸੀਲ ਪਾਇਲ ਤੇ ਉਸ ਨਾਲ ਖੰਨਾ ਨੇੜਲੇ ਪਿੰਡ ਦੀ ਕੁੜੀ ਰੁਕੇ ਸਨ। ਇਨ੍ਹਾਂ ਖੁਦ ਨੂੰ ਪਤੀ-ਪਤਨੀ ਦੱਸਿਆ ਸੀ। ਅੱਗ ਲੱਗਣ ਕਾਰਨ ਦਮ ਘੁੱਟ ਜਾਣ ਨਾਲ ਮੌਕੇ 'ਤੇ ਇਨ੍ਹਾਂ ਦੀ ਮੌਤ ਹੋ ਗਈ।

# ਭਰੂਣ ਜਾਂਚ ਦੇ ਦੋਸ਼ ਵਿੱਚ ਸਕੈਨਿੰਗ ਸੈਂਟਰ ਸੀਲ, ਡਾਕਟਰ ਸਮੇਤ ਤਿੰਨ ਜਣੇ ਨਾਮਜ਼ਦ

ਕਰਤਾਰਪੁਰ, 8 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਸਥਾਨਕ ਜੀ ਟੀ ਰੋਡ ਉਤਲੇ ਅਰੋੜਾ ਸਕੈਨਿੰਗ ਸੈਂਟਰ ਵਿੱਚ ਸਿਹਤ ਵਿਭਾਗ ਦੀ ਟੀਮ ਦੇ ਛਾਪੇ ਤੋਂ ਬਾਅਦ ਜ਼ਿਲ੍ਹਾ ਪਰਵਾਰ ਕਲਿਆਣ ਅਫਸਰ ਗੁਰਮੀਤ ਕੌਰ ਦੁੱਗਲ ਦੇ ਬਿਆਨਾਂ 'ਤੇ ਪੁਲਸ ਨੇ ਸਕੈਨਿੰਗ ਸੈਂਟਰ ਦੇ ਡਾਕਟਰ ਅਤੇ ਦੋ ਹੋਰਨਾਂ ਵਿਅਕਤੀਆਂ ਉੱਤੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਫੜੇ ਗਏ ਵਿਅਕਤੀ ਰਾਜੇਸ਼ ਕੁਮਾਰ ਪੁੱਤਰ ਪ੍ਰਤਾਪ ਸਿੰਘ ਵਾਸੀ ਨਿਊ ਰੇਲਵੇ ਰੋਡ ਜਲੰਧਰ ਪਾਸੋਂ ਸਿਹਤ ਵਿਭਾਗ ਦੀ ਹਾਜ਼ਰੀ ਵਿੱਚ ਪੁਲਸ ਪ੍ਰਸ਼ਾਸਨ ਵੱਲੋਂ ਪੁੱਛਗਿੱਛ ਦੌਰਾਨ ਕਈ ਖੁਲਾਸੇ ਹੋਏ ਹਨ।

ਡੀ ਐੱਸ ਪੀ ਦਿਗਵਿਜੇ ਕਪਿਲ ਨੇ ਦੱਸਿਆ ਕਿ ਕਾਬੂ ਕੀਤੇ ਵਿਅਕਤੀ ਰਾਜੇਸ਼ ਕੁਮਾਰ ਨੇ ਮੰਨਿਆ ਕਿ ਉਹ ਕਈ ਮਹੀਨਿਆਂ ਤੋਂ ਸਕੈਨਿੰਗ ਸੈਂਟਰ ਦੇ ਮਾਲਕ ਡਾਕਟਰ ਤਜਿੰ-ਦਰਪਾਲ ਸਿੰਘ ਮੁਲਤਾਨੀ ਨਾਲ ਮਿਲ ਕੇ ਗਰਭਵਤੀ ਔਰਤਾਂ ਤੋਂ ਭਾਰੀ ਰਕਮ ਲੈ ਕੇ ਲਿੰਗ ਟੈਸਟ ਕਰਵਾਉਂਦਾ ਰਿਹਾ ਸੀ ਅਤੇ ਇਸ ਕੰਮ ਵਿੱਚ ਭੋਗਪੁਰ ਦੇ ਇੱਕ ਹਸਪਤਾਲ ਦਾ ਪੀ ਆਰ ਓ ਰਾਕੇਸ਼ ਸਮਿਆਲ ਵਾਸੀ ਜਲੰਧਰ ਵੀ ਸ਼ਾਮਲ ਸੀ। ਡੀ ਐਸ ਪੀ ਦੇ ਮੁਤਾ-ਬਕ ਫੜੇ ਗਏ ਵਿਅਕਤੀ ਨੇ ਖੁਲਾਸਾ ਕੀਤਾ ਕਿ ਟੈਸਟ ਦੇ ਅੱਠ ਤੋਂ 10 ਹਜ਼ਾਰ ਰੁਪਏ ਵਸੂਲੇ ਜਾਂਦੇ ਸਨ ਤੇ ਆਪਣੀ ਕਮਿਸ਼ਨ ਕੱਟ ਕੇ ਡਾਕਟਰ ਨੂੰ ਛੇ ਤੋਂ ਸੱਤ ਹਜ਼ਾਰ ਤੱਕ ਦਿੱਤੇ ਜਾਂਦੇ ਸਨ।

# ਏ ਆਈ ਜੀ ਕਮਲਜੀਤ ਢਿੱਲੋਂ ਤੇ ਹੋਰ ਪੁਲਸ ਵਾਲੇ ਅਦਾਲਤ ਦੀ ਜਾਂਚ ਦੇ ਘੇਰੇ ਵਿੱਚ ਆਏ

ਫਿਰੋਜ਼ਪੁਰ, 8 ਅਕਤੂਬਰ (ਪੋਸਟ ਬਿਊਰੋ)- ਫਿਰੋਜ਼ਪੁਰ ਵਿਖੇ ਐੱਸ ਪੀ ਰਹਿ ਚੁੱਕੇ ਕਮਲਜੀਤ ਸਿੰਘ ਢਿੱਲੋਂ ਇਸ ਵੇਲੇ ਏ ਆਈ ਜੀ ਕਰਾਈਮ ਹਨ ਅਤੇ ਅੰਦਰ ਆਪਣੇ ਵਿਰੁੱਧ ਚੱਲ ਰਹੀਆਂ ਗੰਭੀਰ ਸ਼ਿਕਾਇਤਾਂ ਦੀ ਜਾਂਚ ਤੋਂ ਬਾਅਦ ਨਿਆਂ ਪਾਲਿਕਾ ਦੀ ਨਿਗਰਾਨੀ ਅਧੀਨ ਵੀ ਆ ਗਏ ਹਨ। ਮੋਗਾ ਦੀ ਸੈਸ਼ਨ ਅਦਾਲਤ ਨੇ ਪੋਸਤ ਦੀ ਤਸਕਰੀ ਦੇ ਵੱਡੇ ਕੇਸ ਵਿੱਚ ਪੁਲਸ ਵੱਲੋਂ ਆਪਣੀਆਂ ਤਾਕਤਾਂ ਦੀ ਦੁਰਵਰਤੋਂ ਦਾ ਹਵਾਲਾ ਦਿੰਦੇ ਹੋਏ ਐੱਸ ਐੱਸ ਪੀ ਮੋਗਾ ਨੂੰ ਪੋਸਤ ਤਸਕਰੀ ਕੇਸ ਦੀ ਜਾਂਚ ਕਰ ਕੇ ਦੋਸ਼ੀ ਪੁਲਸ ਅਧਿਕਾਰੀਆਂ ਵਿਰੁੱਧ ਧਾਰਾ 211 ਦਾ ਕੇਸ ਦਰਜ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਡਰੱਗ ਕੇਸ ਵਿੱਚ ਉਸ ਵਕਤ ਦੇ ਇੰਸਪੈਕਟਰ ਅਤੇ ਕੇਸ ਦੇ ਤਫਤੀਸ਼ੀ ਅਧਿਕਾਰੀ ਅਮਰਜੀਤ ਸਿੰਘ ਨੂੰ ਕੇਸ ਨੂੰ ਜਾਣ ਬੁੱਝ ਕੇ ਕਮਜ਼ੋਰ ਕਰਨ ਤੇ ਅਮਰਜੀਤ ਸਿੰਘ ਨਾਲ ਏ ਆਈ ਜੀ ਕਰਾਈਮ ਕਮਲਜੀਤ ਸਿੰਘ ਢਿੱਲੋਂ ਦੀਆਂ ਕਾਲ ਡਿਟੇਲਜ਼ ਨੂੰ ਵੇਖਦੇ ਹੋਏ ਪੁਲਸ ਮਹਿਕਮੇ ਨੂੰ ਮੁਕੰਮਲ ਜਾਂਚ ਦੇ ਆਦੇਸ਼ ਦਿੱਤੇ ਹਨ।



ਮੋਗਾ ਦੇ ਐਡੀਸ਼ਨਲ ਜ਼ਿਲ੍ਹਾ ਅਤੇ ਸ਼ੈਸਨ ਜੱਜ ਤਰਸੇਮ ਮੰਗਲਾ ਨੇ ਕੇਸ ਦੇ ਤੱਥਾਂ ਨੂੰ ਵੇਖਦੇ ਹੋਏ ਏ ਐੱਸ ਆਈ ਜਰਨੈਲ ਸਿੰਘ ਅਤੇ ਜਸਵੀਰ ਸਿੰਘ ਨੂੰ ਬਰੀ ਕਰ ਕੇ ਦੋਸ਼ੀ ਪੁਲਸ ਵਾਲਿਆਂ ਵਿਰੁੱਧ ਕਾਰਵਾਈ ਕਰਨ ਨੂੰ ਕਿਹਾ ਹੈ।

# ਸੈਰ ਕਰਦੇ ਲੋਕਾਂ ਨੂੰ ਕਾਰ ਨੇ ਕੁਚਲਿਆ, ਇੱਕ ਦੀ ਮੌਤ

ਰੋਪੜ, 8 ਅਕਤੂਬਰ (ਪੋਸਟ ਬਿਊਰੋ)- ਸਥਾਨਕ ਬਾਈਪਾਸ ਉਤੇ ਲੱਕੀ ਢਾਬਾ ਦੇ ਨੇੜੇ ਸਵੇਰੇ ਪੰਜ ਵਜੇ ਦੇ ਕਰੀਬ ਸੈਰ ਕਰਦੇ ਤਿੰਨ ਜਣਿਆਂ ਨੂੰ ਤੇਜ਼ ਰਫਤਾਰ ਕਾਰ ਨੇ ਕੁਚਲ ਦਿੱਤਾ। ਇਸ ਦੇ ਬਾਅਦ ਬੇਕਾਬੂ ਕਾਰ ਸੜਕ ਵਿਚਲੇ ਡਿਵਾਈਡਰ ਨਾਲ ਟਕਰਾ ਕੇ ਰੁਕ ਗਈ। ਹਾਦਸੇ ਵਿੱਚ ਤਿੰਨ ਜਣੇ ਗੰਭੀਰ ਹਨ। ਜ਼ਖਮੀਆਂ ਨੂੰ ਸਿਵਲ ਹਸਪਤਾਲ ਵਿੱਚ ਮੁੱਢਲੇ ਇਲਾਜ ਦੇ ਬਾਅਦ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਮ੍ਰਿਤਕਾਂ ਵਿੱਚ ਹਾਈ ਕੋਰਟ ਦੇ ਵਕੀਲ ਰਾਜਵੀਰ ਵਾਸੀ ਸ਼ਾਮਪੁਰਾ ਦੀ ਪਤਨੀ ਸੋਨੀਆ (36) ਦੀ ਪੀ ਜੀ ਆਈ ਲਿਜਾਂਦੇ ਸਮੇਂ ਮੌਤ ਹੋ ਗਈ। ਜ਼ਖਮੀਆਂ ਦੀ ਪਛਾਣ ਸਿਮਰਨਜੀਤ ਸਿੰਘ ਅਤੇ ਹਰਲੀਨ ਕੌਰ ਵਾਸੀ ਸ਼ਾਮਪੁਰਾ ਦੇ ਰੂਪ ਵਿੱਚ ਹੋਈ ਹੈ। ਰਾਜਵੀਰ ਨੇ ਕਾਰ ਚਾਲਕ ਨੂੰ ਫੜ ਕੇ ਪੁਲਸ ਨੂੰ ਸੌਂਪ ਦਿੱਤਾ ਤਾਂ ਪੁਲਸ ਨੇ ਚਾਲਕ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਰਾਜਵੀਰ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਪਿੰਡ ਭੱਦਲ ਦੇ ਸਰਕਾਰੀ ਮਿਡਲ ਸਕੂਲ ਵਿੱਚ ਅਧਿਆਪਕਾ ਸੀ। ਉਹ ਰੋਜ਼ ਸਵੇਰੇ ਪੰਜ ਵਜੇ ਸ਼ਾਮਪੁਰਾ ਨੇੜੇ ਬਾਈਪਾਸ 'ਤੇ ਸੈਰ ਕਰਨ ਨਿਕਲਦੇ ਹਨ। ਕੱਲ੍ਹ ਸਵੇਰੇ ਉਹ ਲੱਕੀ ਢਾਬੇ ਦੇ ਨੇੜੇ ਪਹੁੰਚੇ ਤਾਂ ਪਿੱਛੋਂ ਆਈ ਤੇਜ਼ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਉਨ੍ਹਾਂ ਦੀ ਪਤਨੀ ਸੋਨੀਆ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ।


ਮੰਨ ਪਸੰਦ ਦੀ Kitchen and Washroom ਬਣਵਾਉ

Pearson
Kitchen & Cabinet

Free Estimate
We Specialize in granite, quartz & marble countertops




We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)




Condo Townhouse for sale.




ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਉਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*
Looking For a Nest..? Call the Best



UPPAL LAW
FREE CONSULTATION !




IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



## ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਚੋਣ ਪ੍ਰੋਗਰਾਮ ਦਾ ਐਲਾਨ, ਜ਼ਾਬਤਾ ਲਾਗੂ



ਨਵੀਂ ਦਿੱਲੀ, 8 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਚੋਣ ਕਮਿਸ਼ਨ ਨੇ ਅੱਜ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਇਹ ਚੋਣਾਂ 12 ਨਵੰਬਰ ਤੋਂ 7 ਦਸੰਬਰ ਦੇ ਦਰਮਿਆਨ ਹੋਣਗੀਆਂ ਅਤੇ ਪੰਜਾਂ ਰਾਜਾਂ ਵਿੱਚ ਵੋਟਾਂ ਦੀ ਗਿਣਤੀ 11 ਦਸੰਬਰ ਨੂੰ ਹੋਵੇਗੀ।

ਮੁੱਖ ਚੋਣ ਕਮਿਸ਼ਨਰ ਓ ਪੀ ਰਾਵਤ ਨੇ ਅੱਜ ਏਥੇ ਪ੍ਰੈੱਸ ਕਾਨਫਰੰਸ ਵਿੱਚ ਚੋਣਾਂ ਦਾ ਐਲਾਨ ਕਰਦੇ ਹੋਏ ਕਿਹਾ ਕਿ ਮੱਧ ਪ੍ਰਦੇਸ਼, ਮਿਜ਼ੋਰਮ, ਰਾਜਸਥਾਨ ਅਤੇ ਤਿਲੰਗਾਨਾ ਵਿੱਚ ਇੱਕੋ ਪੜਾਅ ਵਿੱਚ 28 ਨਵੰਬਰ ਅਤੇ 7 ਦਸੰਬਰ ਨੂੰ ਵੋਟਾਂ ਪੈਣਗੀਆਂ, ਪਰ ਛੱਤੀਸਗੜ੍ਹ ਵਿੱਚ ਦੋ ਪੜਾਵਾਂ ਵਿੱਚ 12 ਅਤੇ 20 ਨਵੰਬਰ ਨੂੰ ਵੋਟਾਂ ਪਾਈਆਂ ਜਾਣਗੀਆਂ। ਮੱਧ ਪ੍ਰਦੇਸ਼ ਤੇ ਮਿਜ਼ੋਰਮ ਵਿੱਚ 28 ਨਵੰਬਰ ਨੂੰ ਅਤੇ ਰਾਜਸਥਾਨ ਤੇ ਤਿਲੰਗਾਨਾ ਵਿੱਚ 7 ਦਸੰਬਰ ਨੂੰ ਵੋਟਾਂ ਪੈਣਗੀਆਂ। ਚੋਣਾਂ ਦੇ ਇਸ ਐਲਾਨ ਨਾਲ ਇਨ੍ਹਾਂ ਚਾਰ ਰਾਜਾਂ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਤਿਲੰਗਾਨਾ ਵਿੱਚ ਵਿਧਾਨ ਸਭਾ ਪਿਛਲੇ ਮਹੀਨੇ ਭੰਗ ਹੋਈ ਸੀ ਅਤੇ ਓਸੇ ਦਿਨ ਤੋਂ ਓਥੇ ਚੋਣ ਜ਼ਾਬਤਾ ਲਾਗੂ ਹੈ।

ਅਗਲੇ ਸਾਲ 2019 ਵਿੱਚ ਪਾਰਲੀਮੈਂਟ ਚੋਣਾਂ ਆ ਰਹੀਆਂ ਹੋਣ ਕਾਰਨ ਇਨ੍ਹਾਂ ਚੋਣਾਂ ਦਾ ਮਹੱਤਵ ਵਧ ਗਿਆ ਹੈ। ਮੱਧ ਪ੍ਰਦੇਸ਼ ਵਿੱਚ ਜਿੱਥੇ 230 ਵਿਧਾਨ ਸਭਾ ਸੀਟਾਂ ਹਨ, ਰਾਜਸਥਾਨ ਵਿੱਚ 200 ਸੀਟਾਂ ਤੇ ਛੱਤੀਸਗੜ੍ਹ ਵਿੱਚ 90 ਸੀਟਾਂ ਹਨ, ਇਨ੍ਹਾਂ ਤਿੰਨਾਂ ਰਾਜਾਂ ਵਿੱਚ ਭਾਜਪਾ ਰਾਜ ਹੈ ਤੇ ਕਾਂਗਰਸ ਓਥੇ ਸਖ਼ਤ ਚੁਣੌਤੀ ਦੇ ਰਹੀ ਹੈ। ਤਿਲੰਗਾਨਾ ਦੀ 119 ਸੀਟਾਂ ਦੀ ਵਿਧਾਨ ਸਭਾ ਹੈ ਤੇ ਓਥੇ ਰਾਜ ਕਰਦੀ ਤਿਲੰਗਾਨਾ ਰਾਸ਼ਟਰੀ ਸੰਮਤੀ ਦੋਬਾਰਾ ਜਿੱਤਣ ਕਰਨ ਦਾ ਯਤਨ ਕਰ ਰਹੀ ਹੈ। ਮਿਜ਼ੋਰਮ ਵਿਧਾਨ ਸਭਾ ਦੀਆਂ 40 ਸੀਟਾਂ ਹਨ ਤੇ ਕਾਂਗਰਸ ਦੀ ਸਰਕਾਰ ਹੈ। ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਲਗਾਤਾਰ ਤੀਜੀ ਵਾਰ ਭਾਜਪਾ ਸਰਕਾਰਾਂ ਚੱਲ ਰਹੀਆਂ ਹਨ। ਰਾਜਸਥਾਨ ਵਿੱਚ ਕਾਂਗਰਸ ਤੇ ਭਾਜਪਾ ਵਿੱਚ ਹਰ ਵਾਰ ਸੱਤਾ ਤਬਦੀਲੀ ਹੋ ਜਾਂਦੀ ਹੈ। ਮੀਜ਼ੋਰਮ ਵਿੱਚ ਪਿਛਲੀਆਂ ਦੋ ਵਾਰੀਆਂ ਤੋਂ ਕਾਂਗਰਸ ਸਰਕਾਰ ਹੈ। ਛੱਤੀਸਗੜ੍ਹ ਵਿੱਚ ਮਾਓਵਾਦੀ ਸਮੱਸਿਆ ਕਾਰਨ ਚੋਣ ਕਮਿਸ਼ਨ ਨੇ ਦੋ ਗੇੜਾਂ ਵਿੱਚ ਚੋਣ ਦਾ ਐਲਾਨ ਕੀਤਾ ਹੈ। ਓਥੇ ਮਾਓਵਾਦੀ ਹਿੰਸਾ ਤੋਂ ਵੱਧ ਪ੍ਰਭਾਵਿਤ 18 ਸੀਟਾਂ ਉੱਤੇ 12 ਨਵੰਬਰ ਨੂੰ ਅਤੇ ਬਾਕੀ 72 ਸੀਟਾਂ ਉੱਤੇ ਵੋਟਾਂ 20 ਨਵੰਬਰ ਨੂੰ ਵੋਟਾਂ ਪੈਣਗੀਆਂ।

## ਬੱਚੀ ਨਾਲ ਬਲਾਤਕਾਰ ਦੀ ਘਟਨਾ ਪਿੱਛੋਂ ਗੁਜਰਾਤ ਵਿੱਚ ਬਾਹਰਲੇ ਲੋਕਾਂ ਉੱਤੇ ਹਮਲੇ

### * ਬਿਹਾਰੀ ਅਤੇ ਹੋਰਨਾਂ ਰਾਜਾਂ ਦੇ ਲੋਕਾਂ ਦੀ ਹਿਜਰਤ ਸ਼ੁਰੂ

ਅਹਿਮਦਾਬਾਦ, 8 ਅਕਤੂਬਰ, (ਪੋਸਟ ਬਿਊਰੋ)- ਗੁਜਰਾਤ ਵਿਚ ਇਕ ਮਾਸੂਮ ਬੱਚੀ ਨਾਲ ਬਲਾਤਕਾਰ ਦੀ ਘਟਨਾ ਹੋਣ ਪਿੱਛੋਂ ਇਸ ਰਾਜ ਦੇ ਕਈ ਇਲਾਕਿਆਂ ਵਿੱਚੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਲੋਕਾਂ ਉੱਤੇ ਹਮਲੇ ਹੋਣ ਦੀਆਂ ਖਬਰਾਂ ਮਿਲ ਰਹੀਆਂ ਹਨ ਤੇ ਡਰੇ ਹੋਏ ਹੋਰਨਾਂ ਰਾਜਾਂ ਦੇ ਸੈਂਕੜੇ ਲੋਕ ਗੁਜਰਾਤ ਤੋਂ ਹਿਜਰਤ ਕਰਨ ਲੱਗੇ ਹਨ। ਇਸ ਰਾਜ ਦੀ ਪੁਲਸ ਦੇ ਮੁਖੀ (ਡੀ ਜੀ ਪੀ) ਸ਼ਿਵਾਨੰਦ ਝਾਅ ਨੇ ਕਿਹਾ ਕਿ ਹਿੰਸਕ ਘਟਨਾਵਾਂ ਨਾਲ ਨਿਪਟਣ ਲਈ ਪੁਲਿਸ ਨੇ ਐਕਸ਼ਨ ਪਲਾਨ ਬਣਾਇਆ ਅਤੇ ਐੱਸ ਆਰ ਪੀ ਦੀਆਂ 17 ਕੰਪਨੀਆਂ ਸੰਵੇਦਨਸ਼ੀਲ ਇਲਾਕਿਆਂ ਵਿਚ ਲਾਈਆਂ ਹਨ।



ਯੂਪੀ ਬਿਹਾਰ ਦੇ ਮਜਦੂਰ ਗੁਜਰਾਤ ਛੱਡ ਕੇ ਜਾਣ ਲਈ ਮਜਬੂਰ।

ਵਰਨਣ ਯੋਗ ਹੈ ਕਿ ਗੁਜਰਾਤ ਵਿਚ ਪਿਛਲੇ ਇਕ ਹਫ਼ਤੇ ਤੋਂ ਦੂਸਰੇ ਰਾਜਾਂ ਵਿੱਚੋਂ ਆਏ ਹੋਏ ਲੋਕਾਂ 'ਤੇ ਹਮਲੇ ਹੋ ਰਹੇ ਹਨ। ਠਾਕੋਰ ਸੈਨਾ ਨਾਂਅ ਦੇ ਸਮਾਜਿਕ ਸੰਗਠਨ ਦੇ ਕਾਰਕੁੰਨ ਸਾਬਰਕਾਂਠਾ, ਮਹਿਸਾਨਾ, ਗਾਂਧੀਨਗਰ, ਅਹਿਮਦਾਬਾਦ ਸਮੇਤ ਕਈ ਇਲਾਕਿਆਂ ਵਿੱਚ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਦਯੋਗਿਕ ਯੂਨਿਟਾਂ ਤੇ ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਠਾਕੋਰ ਸੈਨਾ ਨੇ ਮਾਰਕੁੱਟ ਕੀਤੀ ਹੈ। ਇਸ ਪਿੱਛੋਂ ਗੁਜਰਾਤ ਦੇ ਕਈ ਸ਼ਹਿਰਾਂ ਤੋਂ ਦੂਸਰੇ ਰਾਜਾਂ ਦੇ ਲੋਕ ਹਿਜਰਤ ਕਰਨ ਲੱਗੇ ਹਨ ਤੇ ਸੈਂਕੜੇ ਪਰਿਵਾਰ ਗੁਜਰਾਤ ਛੱਡ ਕੇ ਜਾ ਚੁੱਕੇ ਹਨ।

ਰਾਜ ਦੇ ਪੁਲਸ ਮੁਖੀ ਸ਼ਿਵਾਨੰਦ ਝਾਅ ਨੇ ਦੱਸਿਆ ਕਿ ਪੁਲਿਸ ਨੇ 42 ਕੇਸ ਦਰਜ ਕਰ ਕੇ 350 ਦੋਸ਼ੀ ਫੜੇ ਅਤੇ ਸੋਸ਼ਲ ਮੀਡੀਆ ਤੋਂ ਅਫਵਾਹ ਫੈਲਾਉਣ ਵਾਲਿਆਂ ਦੀ ਪਛਾਣ ਕਰ ਲਈ ਹੈ। ਦੂਸਰੇ ਪਾਸੇ ਠਾਕੋਰ ਸੈਨਾ ਦੇ ਮੁਖੀ ਅਲਪੇਸ਼ ਠਾਕੋਰ ਨੇ ਕਿਹਾ ਕਿ ਸਰਕਾਰ ਤੇ ਪੁਲਿਸ ਉਨ੍ਹਾਂ ਦੇ ਸੰਗਠਨ ਠਾਕੋਰ ਸੈਨਾ ਨੂੰ ਐਵੇਂ ਬਦਨਾਮ ਕਰ ਰਹੀ ਹੈ।

## ਪੋਲੀਓ ਦੀਆਂ 'ਦੋ ਬੂੰਦਾਂ' ਵਿੱਚ ਪੋਲਿਓ ਵਾਇਰਸ ਦੀ ਗੱਲ ਮੰਤਰੀ ਨੇ ਵੀ ਮੰਨੀ

ਲਖਨਊ, 8 ਅਕਤੂਬਰ (ਪੋਸਟ ਬਿਊਰੋ)- ਹੈਰਾਨੀ ਵਾਲੀ ਗੱਲ ਹੈ ਕਿ ਢਾਈ ਸਾਲ ਪਹਿਲਾ ਦੁਨੀਆ ਭਰ ਤੋਂ ਖਤਮ ਹੋ ਚੁੱਕਾ ਟਾਈਪ-2 ਪੋਲੀਓ ਵਾਇਰਸ ਕਿਤੇ ਹੋਰ ਨਹੀਂ, ਖੁਦ ਉਸ ਵੈਕਸੀਨ ਵਿੱਚ ਮੌਜੂਦ ਸੀ, ਜਿਸ ਨੂੰ ਬੱਚਿਆਂ ਨੂੰ ਪੋਲੀਓ ਤੋਂ ਬਚਾਉਣ ਲਈ ਲਾਇਆ ਜਾ ਰਿਹਾ ਸੀ। ਉਤਰ ਪ੍ਰਦੇਸ਼ ਵਿੱਚ ਇਸ ਵੈਕਸੀਨ ਦੀਆਂ 50 ਹਜ਼ਾਰ ਵਾਇਲ ਆਈਆਂ ਸਨ, ਜਿਸ 'ਚੋਂ 47,800 ਵਾਇਲ ਨਾਲ 8.12 ਲੱਖ ਤੋਂ ਵੱਧ ਬੱਚਿਆਂ ਵਿੱਚ ਇਹ ਵਾਇਰਸ ਗਿਆ ਹੈ।

ਉੱਤਰ ਪ੍ਰਦੇਸ਼ ਦੀ ਪਰਵਾਰ ਕਲਿਆਣ ਮੰਤਰੀ ਰੀਤਾ ਬਹੁਗੁਣਾ ਜੋਸ਼ੀ ਨੇ ਕੱਲ੍ਹ ਮੰਨਿਆ ਕਿ ਪ੍ਰਭਾਵਿਤ ਬੱਚਿਆਂ ਵਿੱਚੋਂ 90 ਪ੍ਰਤੀਸ਼ਤ ਯਾਨੀ 7.31 ਲੱਖ ਬੱਚਿਆਂ ਨੂੰ ਵਾਇਰਸ ਦਾ ਐਂਟੀਡਾਟ ਲਾਇਆ ਗਿਆ ਹੈ ਅਤੇ ਹੋਰ ਬੱਚਿਆਂ ਨੂੰ ਵੀ ਇਹ ਤੇਜ਼ੀ ਨਾਲ ਲਾਇਆ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਭੇਜੀ ਗਈ ਗਾਜ਼ੀਆਬਾਦ ਦੀ ਬਾਇਓਮੇਡ ਕੰਪਨੀ ਦੀ ਇਸ ਵੈਕਸੀਨ ਨੂੰ ਬੱਚਿਆਂ ਨੂੰ ਲਗਾਉਣ ਤੋਂ ਪਹਿਲਾ ਕੇਂਦਰ ਸੰਸਥਾਵਾਂ ਨੇ ਟਾਈਪ-2 ਵਾਇਰਸ ਦੀ ਜਾਂਚ ਹੀ ਨਹੀਂ ਕੀਤੀ ਸੀ। ਇਹ ਮੰਨ ਕੇ ਕਿ 25 ਅਪ੍ਰੈਲ 2016 ਦੇ ਬਾਅਦ ਟਾਈਪ-2 ਵਾਇਰਸ ਦੁਨੀਆ ਭਰ ਵਿੱਚ ਖਤਮ ਹੋ ਗਿਆ ਹੈ, ਲੈਬ ਵਿੱਚ ਕੇਵਲ ਟਾਈਪ-1 ਅਤੇ ਟਾਈਪ-3 ਦੀ ਜਾਂਚ ਕੀਤੀ ਜਾਂਦੀ ਰਹੀ ਸੀ।

ਕੇਂਦਰੀ ਜਾਂਚ ਸੰਸਥਾਵਾਂ ਖੁਦ ਹੈਰਾਨ ਹਨ ਕਿ ਜੋ ਵਾਇਰਸ ਦੁਨੀਆ ਦੇ ਦੂਰ ਦਰਾਜ ਇਲਾਕਿਆਂ ਦੇ ਬੱਚਿਆਂ ਤੱਕ ਵਿੱਚ ਖਤਮ ਹੋ ਗਿਆ, ਉਹ ਖੁਦ ਵੈਕਸੀਨ ਵਿੱਚ ਕਿਵੇਂ ਪਹੁੰਚ ਗਿਆ। ਇਹ ਵਾਇਰਸ ਵੀ ਤਦ ਸਾਹਮਣੇ ਆਇਆ, ਜਦ ਮਿਰਜਾਪੁਰ ਵਿੱਚ 19 ਮਹੀਨੇ ਦੇ ਇਕ ਬੱਚੇ ਦੇ ਪੈਰਾਂ ਵਿੱਚ ਕਮਜ਼ੋਰੀ ਆਉਣ ਦੇ ਬਾਅਦ ਮਾਪੇ ਇਸ ਦੀ ਸ਼ਿਕਾਇਤ ਲੈ ਕੇ ਪਿਛਲੇ ਮਹੀਨੇ ਸਿਹਤ ਕੇਂਦਰ ਪਹੁੰਚੇ ਸਨ।

## ਅਮਰੀਕੀ ਨਾਰਾਜ਼ਗੀ ਅਣਡਿੱਠ ਕਰ ਕੇ ਭਾਰਤ-ਰੂਸ ਨੇ ਮਿਜ਼ਾਈਲ ਸਮਝੌਤਾ ਕਰ ਲਿਆ

ਨਵੀਂ ਦਿੱਲੀ, 8 ਅਕਤੂਬਰ, (ਪੋਸਟ ਬਿਊਰੋ)- ਭਾਰਤ ਅਤੇ ਰੂਸ ਨੇ ਅਮਰੀਕਾ ਦੀਆਂ ਧਮਕੀਆਂ ਨੂੰ ਲਾਂਭੇ ਕਰ ਕੇ ਅੱਜ ਜ਼ਮੀਨੀ ਸਤ੍ਹਾ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਲੰਬੀ ਦੂਰੀ ਦਾ ਐਸ-400 ਟਰੰਫ ਮਿਜ਼ਾਈਲ ਸਿਸਟਮ ਸਪਲਾਈ ਕਰਨ ਦਾ ਸਮਝੌਤਾ ਕਰ ਲਿਆ ਹੈ। ਇਸ ਮਿਜ਼ਾਈਲ ਸਿਸਟਮ ਨਾਲ ਭਾਰਤੀ ਹਵਾਈ ਫੌਜ ਦੀ ਰੱਖਿਆ ਸਮਰੱਥਾ 'ਚ ਹੋਰ ਵਾਧਾ ਹੋਵੇਗਾ। ਇਸ ਦੇ ਨਾਲਾ ਦੋਵੇਂ ਦੇਸ਼ਾਂ ਨੇ ਪੁਲਾੜ, ਰੇਲਵੇ, ਐਟਮੀ ਤਕਨੀਕ, ਖਾਦਾਂ, ਲਘੂ, ਛੋਟੇ ਤੇ ਦਰਮਿਆਨੇ ਕਾਰੋਬਾਰਾਂ ਵਿੱਚ ਆਪਸੀ ਸਹਿਯੋਗ ਸਮੇਤ 8 ਸਮਝੌਤਿਆਂ 'ਤੇ ਦਸਖ਼ਤ ਕੀਤੇ ਹਨ।


ਵੱਡੇ ਮਹੱਤਵ ਵਾਲੇ ਮਿਜ਼ਾਈਲ ਸਿਸਟਮ ਬਾਰੇ 540 ਕਰੋੜ ਡਾਲਰ ਦਾ ਸਮਝੌਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਾਲੇ 19ਵੇਂ ਭਾਰਤ-ਰੂਸ ਸਾਲਾਨਾ ਦੁਵੱਲੇ ਸੰਮੇਲਨ ਮੌਕੇ ਹੋਇਆ। ਦੋਵਾਂ ਆਗੂਆਂ ਨੇ ਮੀਡੀਆ ਕੋਲ ਇਸ ਸੌਦੇ ਦਾ ਜ਼ਿਕਰ ਨਹੀਂ ਕੀਤਾ, ਕਿਉਂਕਿ ਅਮਰੀਕਾ ਵੱਲੋਂ ਭਾਰਤ ਉਤੇ ਦਬਾਅ ਪਾਇਆ ਜਾਂਦਾ ਰਿਹਾ ਹੈ ਕਿ ਭਾਰਤ ਇਸ ਮਿਜ਼ਾਈਲ ਸਿਸਟਮ ਬਾਰੇ ਰੂਸ ਨਾਲ ਸੌਦਾ ਨਾ ਕਰੇ। ਦੋਵੇਂ ਆਗੂਆਂ ਦੀ ਗੱਲਬਾਤ ਮਗਰੋਂ ਜਾਰੀ ਕੀਤੇ ਸਾਂਝੇ ਬਿਆਨ ਵਿੱਚ ਮਿਜ਼ਾਈਲ ਸੌਦਾ ਹੋਣ ਦੀ ਜਾਣਕਾਰੀ ਦਿੱਤੀ ਗਈ ਹੈ। ਸਾਂਝੇ ਬਿਆਨ 'ਚ ਕਿਹਾ ਗਿਆ, 'ਦੋਵੇਂ ਦੇਸ਼ ਸਤ੍ਹਾ ਤੋਂ ਹਵਾ ਵਿੱਚ ਲੰਬੀ ਦੂਰੀ ਤਕ ਮਾਰ ਕਰਨ ਵਾਲੇ ਐਸ-400 ਮਿਜ਼ਾਈਲ ਸਿਸਟਮ ਭਾਰਤ ਨੂੰ ਦੇਣ ਦੇ ਕਦਮ ਦਾ ਸਵਾਗਤ ਕਰਦੇ ਹਨ।' ਇਸ ਪਿੱਛੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਅਤੇ ਰੂਸ ਦੇ ਸਬੰਧ ਮਿਸਾਲੀ ਹਨ ਅਤੇ ਰਾਸ਼ਟਰਪਤੀ ਪੂਤਿਨ ਦਾ ਨਿੱਜੀ ਤੌਰ 'ਤੇ ਇਸ ਵਿੱਚ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੇ ਅਫ਼ਗਾਨਿਸਤਾਨ, ਭਾਰਤ-ਪੈਸੇਫਿਕ ਖ਼ਿੱਤੇ ਤੇ ਸ਼ੰਘਾਈ ਕੋਆਪ੍ਰੇਸ਼ਨ ਆਰਗੇਨਾਈਜ਼ੇਸ਼ਨ, ਜੀ-20, ਆਸੀਆਨ, ਬ੍ਰਿਕਸ ਅਤੇ ਹੋਰ ਮੰਚਾਂ 'ਤੇ ਇਕੱਠਿਆਂ ਕੰਮ ਕਰਨ 'ਤੇ ਸਹਿਮਤੀ ਜਤਾਈ ਹੈ। ਇਸ ਤੋਂ ਇਲਾਵਾ ਅਤਿਵਾਦ ਨਾਲ ਲੜਨ ਵਿੱਚ ਵੀ ਸਹਿਯੋਗ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਭਾਰਤ ਹਮੇਸ਼ਾ ਰੂਸ ਨਾਲ ਸਬੰਧਾਂ ਨੂੰ ਪਹਿਲ ਦਿੰਦਾ ਰਿਹਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਗਲੇ ਸਾਲ ਸਤੰਬਰ 'ਚ ਹੋਣ ਵਾਲੀ ਵਲਾਦੀਵੋਸਤੋਕ ਫੋਰਮ ਦੀ ਬੈਠਕ 'ਚ ਮੁੱਖ ਮਹਿਮਾਨ ਬਣਨ ਦਾ ਸੱਦਾ ਦਿੱਤਾ। ਸਾਂਝੇ ਬਿਆਨ 'ਚ ਭਾਰਤ ਅਤੇ ਰੂਸ ਨੇ ਫ਼ੌਜੀ ਤਕਨੀਕੀ ਸਹਿਯੋਗ ਵਧਾਉਣ 'ਤੇ ਵੀ ਜ਼ੋਰ ਦਿੱਤਾ। ਗ਼ੈਰ ਫ਼ੌਜੀ ਐਟਮੀ ਸਹਿਯੋਗ ਬਾਰੇ ਦੋਵੇਂ ਦੇਸ਼ਾਂ ਨੇ ਕਿਹਾ ਕਿ ਕੁਡਨਕੁਲਮ 'ਚ ਛੇ ਪਾਵਰ ਇਕਾਈਆਂ ਦੀ ਉਸਾਰੀ ਦਾ ਜਾਇਜ਼ਾ ਲਿਆ ਅਤੇ ਉਸ 'ਤੇ ਸੰਤੁਸ਼ਟੀ ਜ਼ਾਹਰ ਕੀਤੀ।

## ਸਾਧੂਆਂ ਨੂੰ ਨਿਪੁੰਸਕ ਕਰਨ ਦੇ ਕੇਸ ਵਿੱਚ ਰਾਮ ਰਹੀਮ ਨੂੰ ਜ਼ਮਾਨਤ ਮਿਲੀ

ਪੰਚਕੂਲਾ, 8 ਅਕਤੂਬਰ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਵਿੱਚ ਪੰਚਕੂਲਾ ਵਿੱਚ ਹਰਿਆਣਾ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਵਿੱਚ ਕੱਲ੍ਹ ਸੁਣਵਾਈ ਹੋਈ। ਸੀ ਬੀ ਆਈ ਜੱਜ ਕਪਿਲ ਕਾਠੀ ਦੀ ਅਦਾਲਤ 'ਚ ਜ਼ਮਾਨਤ ਰੱਦ ਹੋਣ ਪਿੱਛੋਂ ਸੀ ਬੀ ਆਈ ਦੀ ਦੂਜੀ ਅਦਾਲਤ 'ਚ ਇਸ ਕੇਸ ਦੇ ਮੁਲਜ਼ਮ ਗੁਰਮੀਤ ਰਾਮ ਰਹੀਮ ਵੱਲੋਂ ਜ਼ਮਾਨਤ ਦੀ ਅਰਜ਼ੀ ਲਾਈ ਗਈ ਸੀ, ਜਿਸ ਦਾ ਫੈਸਲਾ ਦੇਂਦਿਆਂ ਸੀ ਬੀ ਆਈ ਅਦਾਲਤ ਨੇ ਉਸ ਨੂੰ ਇਸ ਮਾਮਲੇ 'ਚ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਭਾਵੇਂ ਇਸ ਕੇਸ ਵਿੱਚ ਡੇਰਾ ਮੁਖੀ ਨੂੰ ਰੈਗੂਲਰ ਜ਼ਮਾਨਤ ਮਿਲ ਗਈ ਹੈ, ਪਰ ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿੱਚ 20 ਸਾਲ ਦੀ ਸਜ਼ਾ ਕਾਰਨ ਰਾਮ ਰਹੀਮ ਹਾਲੇ ਵੀ ਜੇਲ੍ਹ ਵਿੱਚ ਹੀ ਰਹੇਗਾ। ਇਸ ਕੇਸ ਦਾ ਇਕ ਹੋਰ ਦੋਸ਼ੀ ਪੰਕਜ ਗਰਗ ਵੀ ਜ਼ਮਾਨਤ 'ਤੇ ਹੈ ਅਤੇ ਡਾਕਟਰ ਮਹਿੰਦਰ ਇੰਸਾਂ ਨੂੰ ਅਜੇ ਜ਼ਮਾਨਤ ਨਹੀਂ ਮਿਲੀ। ਅਸਲ ਵਿੱਚ ਬਚਾਅ ਪੱਖ ਵੱਲੋਂ ਦਿੱਤੀ ਅਰਜ਼ੀ 'ਤੇ ਅਦਾਲਤ ਨੇ ਆਪਣਾ ਫੈਸਲਾ ਦੇਂਦਿਆਂ ਇਹ ਅਰਜ਼ੀ ਮਨਜ਼ੂਰ ਕਰ ਲਈ ਅਤੇ ਸੁਣਵਾਈ ਮੌਕੇ ਗਵਾਹ ਗੁਰਦਾਸ ਸਿੰਘ ਤੂਰ ਦੇ ਬਿਆਨ ਕਰਵਾਉਣ ਨੂੰ ਕਿਹਾ ਸੀ, ਪਰ ਕੱਲ੍ਹ ਮੁਲਜ਼ਮ ਐਮ ਪੀ ਸਿੰਘ ਸਿਹਤ ਠੀਕ ਨਾ ਹੋਣ ਕਾਰਨ ਅਦਾਲਤ ਵਿੱਚ ਪੇਸ਼ ਨਹੀਂ ਹੋ ਸਕਿਆ ਅਤੇ ਕੇਸ ਦੀ ਅਗਲੀ ਸੁਣਵਾਈ 15 ਅਕਤੂਬਰ ਨੂੰ ਹੋਵੇਗੀ।



ਮਿਲੀ ਜਾਣਕਾਰੀ ਮੁਤਾਬਕ ਗੁਰਦਾਸ ਸਿੰਘ ਤੂਰ ਦੇ ਬਿਆਨ ਦਰਜ ਹੋਣ ਪਿੱਛੋਂ ਗਵਾਹ ਹੰਸ ਰਾਜ ਅਤੇ ਗੁਰਦਾਸ ਸਿੰਘ ਤੂਰ ਦਾ ਕਰਾਸ ਬਿਆਨ ਦਰਜ ਕੀਤਾ ਜਾਵੇਗਾ। ਅਦਾਲਤ ਵੱਲੋਂ ਤਿੰਨਾਂ ਮੁਲਜ਼ਮਾਂ 'ਤੇ ਧਾਰਾ 326, 417, 506, 120 ਬੀ ਆਈ ਪੀ ਸੀ, ਤਹਿਤ ਦੋਸ਼ ਤੈਅ ਕੀਤੇ ਜਾ ਚੁੱਕੇ ਹਨ ਅਤੇ ਉਨ੍ਹਾਂ 'ਤੇ ਤੈਅ ਕੀਤੇ ਗਏ ਦੋਸ਼ਾਂ ਦੀ ਇਕ ਕਾਪੀ ਵੀ ਮੁਲਜ਼ਮਾਂ ਨੂੰ ਦਿੱਤੀ ਜਾ ਚੁੱਕੀ ਹੈ।

## ਮੋਦੀ ਤੇ ਯੋਗੀ ਨੂੰ ਗਾਲ੍ਹਾਂ ਕੱਢਣ ਦੇ ਦੋਸ਼ ਹੇਠ ਭਾਜਪਾ ਵਿਧਾਇਕ ਦੇ ਪੁੱਤਰ 'ਤੇ ਕੇਸ ਦਰਜ

ਵਾਰਾਣਸੀ, 8 ਅਕਤੂਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਖਿਲਾਫ ਮੰਦੇ ਸ਼ਬਦ ਵਰਤਣ ਕਰਨ ਦੇ ਦੋਸ਼ ਵਿੱਚ ਭਾਜਪਾ ਵਿਧਾਇਕ ਦੇ ਬੇਟੇ ਦੇ ਖਿਲਾਫ ਵਾਰਾਣਸੀ ਵਿੱਚ ਕੇਸ ਦਰਜ ਕੀਤਾ ਗਿਆ ਹੈ, ਜਿਸ ਦੇ ਬਾਅਦ ਪੁਲਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।


ਕਾਸ਼ੀ ਹਿੰਦੂ ਯੂਨੀਵਰਸਿਟੀ (ਬੀ ਐਚ ਯੂ) ਦੇ ਖੋਜ ਵਿਦਿਆਰਥੀ ਇਤੇਂਦਰ ਚੌਬੇ ਨੇ ਲੰਕਾ ਥਾਣੇ ਨੂੰ ਦਿੱਤੀ ਇੱਕ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਸੋਸ਼ਲ ਮੀਡੀਆ 'ਤੇ ਇਕ ਆਡਿਓ ਕਲਿੱਪ ਵਾਇਰਲ ਹੋਇਆ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਖਿਲਾਫ ਮੰਦੇ ਸ਼ਬਦਾਂ ਦੀ ਵਰਤੋਂ ਕਰਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਾਇਰਲ ਆਡਿਓ ਵਿੱਚ ਐਸ ਐਸ ਪੀ ਅਤੇ ਡੀ ਐਮ ਖਿਲਾਫ ਵੀ ਮੰਦੇ ਸ਼ਬਦ ਕਹੇ ਗਏ ਹਨ ਤੇ ਕਿਸੇ ਨੂੰ ਮਾਰਨ ਦੀ ਧਮਕੀ ਵੀ ਦਿੱਤੀ ਜਾ ਰਹੀ ਹੈ। ਸ਼ਿਕਾਇਤ ਕਰਤਾ ਦੇ ਮੁਤਾਬਕ ਆਡਿਓ ਵਿੱਚ ਆਵਾਜ਼ ਭਦੋਹੀ ਦੇ ਭਾਜਪਾ ਵਿਧਾਇਕ ਰਵਿੰਦਰ ਨਾਥ ਤ੍ਰਿਪਾਠੀ ਦੇ ਪੁੱਤਰ ਦੀਪਕ ਤ੍ਰਿਪਾਠੀ ਦੀ ਹੈ।


PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed

Kanwaljit S. Dhunna
Mortgage broker
416.301.1976
Email: kdhunna62@gmail.com

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Honesty, Reliability, Commitment
HOMELIFE SILVERCITY

"Open House Until Sold"
Hira Randhawa
Broker
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$299,900 — Hwy 20 & Stanley St.
Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.

$619,000 — Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$639,000 — Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.


$699,900 — Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer

BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖ਼ਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੈਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



# ਚੀਨ ਵਿੱਚ ਚਾਕੂ ਨਾਲ ਹਮਲਾ: ਤਿੰਨ ਜਣਿਆਂ ਦੀ ਮੌਤ

ਬੀਜਿੰਗ, 8 ਅਕਤੂਬਰ (ਪੋਸਟ ਬਿਊਰੋ)- ਚੀਨ ਦੇ ਝੇਜਿਆਂਗ ਸੂਬੇ ਵਿੱਚ ਕੱਲ੍ਹ ਇੱਕ ਆਦਮੀ ਨੇ ਚਾਕੂ ਨਾਲ ਹਮਲਾ ਕਰ ਕੇ ਆਪਣੇ ਸਾਥੀ ਦੀ ਮਾਂ ਸਮੇਤ ਤਿੰਨ ਜਣਿਆਂ ਦਾ ਕਤਲ ਕਰ ਦਿੱਤਾ ਤੇ ਫਿਰ ਫਰਾਰ ਹੋਣ ਦੇ ਚੱਕਰ ਵਿੱਚ ਉਸ ਨੇ ਗੱਡੀ ਨਾਲ ਟੱਕਰ ਅਤੇ ਚਾਕੂ ਮਾਰ ਕੇ 15 ਹੋਰ ਲੋਕਾਂ ਨੂੰ ਜ਼ਖਮੀ ਕਰ ਦਿੱਤਾ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 42 ਸਾਲਾਂ ਵਾਂਗ ਇਕੱਠੇ ਸ਼ਰਾਬ ਪੀਣ ਤੇ ਵੀਡੀਓ ਗੇਮ ਖੇਡਣ ਵੇਲੇ ਆਪਣੇ ਇੱਕ ਸਾਥੀ ਨਾਲ ਝਗੜ ਪਿਆ ਅਤੇ ਗੁੱਸੇ ਵਿੱਚ ਉਸ ਨੇ ਬਾਜ਼ਾਰ ਤੋਂ ਫਲ ਕੱਟਣ ਵਾਲਾ ਚਾਕੂ ਖਰੀਦ ਕੇ ਆਪਣੇ ਦੋਸਤ ਦੀ ਮਾਂ ਨੂੰ ਮਾਰ ਦਿੱਤਾ। ਨਸ਼ੇ ਵਿੱਚ ਧੁੱਤ ਵਾਂਗ ਨੇ ਇਸ ਤੋਂ ਬਾਅਦ ਚਾਕੂ ਦੇ ਦਮ ਉਤੇ ਇੱਕ ਕਾਰ ਖੋਹੀ ਤੇ ਭੱਜ ਗਿਆ। ਰਸਤੇ 'ਚ ਉਸ ਨੇ ਇੱਕ ਸਾਈਕਲ ਵਾਲੇ ਨੂੰ ਟੱਕਰ ਮਾਰ ਦਿੱਤੀ ਤਾਂ ਕਾਰ 'ਚ ਅੱਗ ਲੱਗ ਗਈ। ਫਿਰ ਕਾਰ ਛੱਡ ਕੇ ਪੈਦਲ ਭੱਜਦੇ ਵਾਂਗ ਨੇ ਦੋ ਰਾਹਗੀਰਾਂ ਨੂੰ ਚਾਕੂ ਨਾਲ ਜ਼ਖਮੀ ਕਰ ਦਿੱਤਾ, ਜਿਨ੍ਹਾਂ ਦੀ ਬਾਅਦ ਵਿੱਚ ਮੌਤ ਹੋ ਗਈ। ਵਾਂਗ ਨੇ ਫਿਰ ਇੱਕ ਹੋਰ ਕਾਰ ਚੋਰੀ ਕੀਤੀ ਤੇ ਭੱਜਣ ਦੇ ਚੱਕਰ ਵਿੱਚ ਨੌਂ ਲੋਕਾਂ ਨੂੰ ਟੱਕਰ ਮਾਰ ਦਿੱਤੀ। ਇਸ ਦੌਰਾਨ ਉਸ ਨੇ ਪੰਜ ਹੋਰ ਲੋਕਾਂ ਨੂੰ ਚਾਕੂ ਮਾਰ ਕੇ ਜ਼ਖਮੀ ਕਰ ਦਿੱਤਾ। ਪਿਛਲੇ ਦਿਨਾਂ ਵਿੱਚ ਚੀਨ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਧੀਆਂ ਹਨ। ਪਿਛਲੇ ਮਹੀਨੇ ਹੁਨਾਨ 'ਚ ਇੱਕ ਵਿਅਕਤੀ ਨੇ ਭੀੜ 'ਤੇ ਟਰੱਕ ਚੜ੍ਹਾ ਦਿੱਤਾ ਸੀ। ਬਾਅਦ ਵਿੱਚ ਉਸ ਨੇ ਤਮਾਸ਼ਬੀਨਾਂ 'ਤੇ ਚਾਕੂ ਨਾਲ ਹਮਲਾ ਕੀਤਾ ਸੀ। ਇਸ ਘਟਨਾ 'ਚ 11 ਲੋਕਾਂ ਦੀ ਜਾਨ ਚਲੀ ਗਈ ਸੀ।

# ਅਫਗਾਨਿਸਤਾਨ ਵਿੱਚ ਅੱਤਵਾਦੀਆਂ ਵੱਲੋਂ 10 ਪੁਲਸ ਵਾਲਿਆਂ ਦੀ ਹੱਤਿਆ



ਕਾਬੁਲ, 8 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਅਫਗਾਨਿਸਤਾਨ ਦੇ ਵਰਦਕ ਸੂਬੇ ਵਿੱਚ ਤਾਲਿਬਾਨ ਨਾਲ ਮੁਕਾਬਲੇ 'ਚ 10 ਪੁਲਸ ਜਵਾਨਾਂ ਦੀ ਮੌਤ ਹੋ ਗਈ। ਇਹ ਮੁਕਾਬਲਾ ਤਾਲਿਬਾਨ ਵੱਲੋਂ ਕਈ ਪੁਲਾਂ ਨੂੰ ਉਡਾਉਣ ਤੋਂ ਇੱਕ ਦਿਨ ਬਾਅਦ ਹੋਇਆ। ਇੱਕ ਸੀਨੀਅਰ ਪੁਲਸ ਅਧਿਕਾਰੀ ਮੁਤਾਬਕ ਤਾਲਿਬਾਨ ਨੇ ਵਰਦਕ ਸਈਦ ਆਬਾਦ ਜ਼ਿਲ੍ਹੇ ਵਿੱਚ ਸਰਕਾਰੀ ਬਿਲਡਿੰਗ ਨੂੰ ਅੱਗ ਲਾ ਦਿੱਤੀ ਅਤੇ ਜ਼ਿਲ੍ਹਾ ਪੁਲਸ ਮੁਖੀ ਨਾਲ ਨੌਂ ਪੁਲਸ ਜਵਾਨਾਂ ਨੂੰ ਮਾਰ ਦਿੱਤਾ ਹੈ। ਵਰਨਣ ਯੋਗ ਹੈ ਕਿ ਅਫਗਾਨਿਸਤਾਨ 'ਚ ਤਾਲਿਬਾਨ ਵੱਲੋਂ ਪਾਰਲੀਮੈਂਟਰੀ ਚੋਣ ਤੋਂ ਦੋ ਹਫਤੇ ਪਹਿਲਾਂ ਰਣਨੀਤਕ ਤੌਰ 'ਤੇ ਮਹੱਤਵ ਪੂਰਨ ਰਾਜਾਂ ਉੱਤੇ ਵਾਰ-ਵਾਰ ਹਮਲੇ ਕੀਤੇ ਜਾ ਰਹੇ ਹਨ। ਵਰਦਕ ਨੇੜੇ ਗਜ਼ਨੀ 'ਚ ਤਾਲਿਬਾਨ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਸਰਕਾਰੀ ਫੌਜਾਂ ਵੀ ਤਾਲਿਬਾਨ ਨੂੰ ਢੁਕਵਾਂ ਜਵਾਬ ਦੇ ਰਹੀਆਂ ਹਨ। ਤਾਲਿਬਾਨ ਦੇ ਬੁਲਾਰੇ ਜ਼ਬੀਉਲਾ ਮੁਜਾਹਿਦ ਨੇ ਕਿਹਾ ਕਿ ਤਾਲਿਬਾਨ ਨੇ ਸੱਯਦ ਅਬਾਦ ਦੇ ਕੇਂਦਰ 'ਤੇ ਕਬਜ਼ਾ ਕਰ ਲਿਆ ਹੈ ਤੇ ਨਾਲ ਲੱਗਦੀਆਂ ਸੁਰੱਖਿਆ ਪੋਸਟਾਂ 'ਤੇ ਹਮਲੇ ਕਰ ਕੇ ਕਈ ਜਵਾਨਾਂ ਦੀ ਹੱਤਿਆ ਕੀਤੀ ਤੇ ਹਥਿਆਰ ਖੋਹ ਲੈ ਲਏ। ਗਜ਼ਨੀ ਦੇ ਗਵਰਨਰ ਦੇ ਬੁਲ-ਾਰੇ ਮੁਹੰਮਦ ਆਰਿਫ ਨੂਰੀ ਨੇ ਕਿਹਾ ਕਿ ਤਾਲਿਬਾਨ ਵੱਲੋਂ ਸ਼ਹਿਰ 'ਤੇ ਦੁਬਾਰਾ ਕਬਜ਼ੇ ਦੀ ਕੋਸ਼ਿਸ਼ ਦੌਰਾਨ ਇੱਕ ਜਵਾਨ ਮਾਰਿਆ ਗਿਆ, ਜਦ ਕਿ ਦੋ ਮਹੀਨੇ ਪਹਿਲਾਂ ਅਮਰੀਕੀ ਮਦਦ ਨਾਲ ਅਫਗਾਨ ਫੌਜਾਂ ਨੇ ਉਨ੍ਹਾਂ ਨੂੰ ਸ਼ਹਿਰ ਤੋਂ ਪਿੱਛੇ ਧੱਕ ਦਿੱਤਾ ਸੀ। ਅਗਸਤ 'ਚ ਤਾਲਿਬਾਨ ਨੇ ਗਜ਼ਨੀ 'ਤੇ ਹਮਲਾ ਕਰ ਕੇ ਰਣਨੀਤਕ ਕੇਂਦਰ ਤੇ ਕਾਬੁਲ ਨੂੰ ਦੱਖਣੀ ਅਫਗਾਨਿਸਤਾਨ ਨਾਲ ਜੋੜਨ ਵਾਲੀ ਮੁੱਖ ਸੜਕ ਨੂੰ ਵੀ ਘੇਰਿਆ ਸੀ। ਤਾਲਿਬਾਨ ਵੱਲੋਂ 2015 'ਚ ਉਤਰੀ ਸ਼ਹਿਰ ਕੁੰਦੂਜ 'ਤੇ ਕੀਤੇ ਹਮਲੇ ਪਿੱਛੋਂ ਇਹ ਹਮਲਾ ਬਹੁਤ ਵੱਡਾ ਤੇ ਖਤਰਨਾਕ ਸੀ। ਉਸ ਹਮਲੇ 'ਚ ਅਫਗਾਨ ਸੁਰੱਖਿਆ ਫੌਜਾਂ ਦੇ 150 ਜਵਾਨ, 95 ਨਾਗਰਿਕਾਂ ਦੇ ਨਾਲ-ਨਾਲ 100 ਤਾਲਿਬਾਨ ਬਾਗੀ ਵੀ ਮਾਰੇ ਗਏ ਸੀ।

## ਇਮਰਾਨ ਕਹਿੰਦੈ: ਚੀਨ ਨਾਲ ਸੰਬੰਧਤ ਸੀ ਪੀ ਈ ਸੀ ਪ੍ਰੋਜੈਕਟਾਂ ਦੀ ਸਮੀਖਿਆ ਹੁੰਦੀ ਪਈ ਹੈ



ਕਰਾਚੀ, 8 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਆਪਣੇ ਬਲੋਚਿਸਤਾਨ ਸੂਬੇ ਵਿਚਲੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਚੀਨ-ਪਾਕਿਸਤਾਨ ਇਕੋਨਾਮਿਕ ਕਾਰੀਡੋਰ (ਸੀ ਪੀ ਈ ਸੀ) ਦੇ ਪ੍ਰੋਜੈਕਟਾਂ ਦੀ ਸਮੀਖਿਆ ਕਰ ਰਹੀ ਹੈ। ਪ੍ਰਧਾਨ ਮੰਤਰੀ ਬਣਨ ਪਿੱਛੋਂ ਪਹਿਲੀ ਵਾਰ ਬਲੋਚਿਸਤਾਨ ਪੁੱਜੇ ਇਮਰਾਨ ਖਾਨ ਨੇ ਕੱਲ੍ਹ ਇਹ ਗੱਲ ਕਹੀ।

ਵਰਨਣ ਯੋਗ ਹੈ ਕਿ ਚੀਨ ਨੇ ਸਾਲ 2015 ਵਿੱਚ 5000 ਕਰੋੜ ਡਾਲਰ ਦਾ ਆਪਣਾ ਮਹੱਤਵ ਪੂਰਨ ਸੀ ਪੀ ਈ ਸੀ ਪ੍ਰੋਜੈਕਟ ਲਾਂਚ ਕੀਤਾ ਸੀ। ਇਸ ਦੇ ਨਾਲ ਚੀਨ ਦੇ ਸ਼ਿਨਜਿਆਂਗ ਸੂਬੇ ਨੂੰ ਪਾਕਿਸਤਾਨ ਦੀ ਗਵਾਦਰ ਬੰਦਰਗਾਹ ਤੱਕ ਸੜਕ ਅਤੇ ਰੇਲ ਮਾਰਗ ਨਾਲ ਜੋੜਿਆ ਜਾਣਾ ਹੈ। ਇਹ ਪ੍ਰੋਜੈਕਟ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਤੋਂ ਗੁਜ਼ਰਨਾ ਹੋਣ ਕਰ ਕੇ ਭਾਰਤ ਇਸ ਦਾ ਵਿਰੋਧ ਕਰਦਾ ਹੈ। ਬਲੋਚਿਸਤਾਨ ਇਸ ਪ੍ਰੋਜੈਕਟ ਦਾ ਅਹਿਮ ਕੇਂਦਰ ਹੈ ਜਿੱਥੇ ਸੁਰੱਖਿਆ ਬਲਾਂ ਤੇ ਅਧਿਕਾਰੀਆਂ ਨੂੰ ਲਗਾਤਾਰ ਹਿੰਸਕ ਵਿਰੋਧ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਬਲੋਚਿ-ਸਤਾਨ ਦੇ ਲੋਕ ਇਸ ਪ੍ਰੋਜੈਕਟ ਨੂੰ ਆਪਣੇ ਲਈ ਲਾਹੇਵੰਦਾ ਨਹੀਂ ਮੰਨਦੇ। ਰਾਜ ਸਰਕਾਰ ਵੀ ਪ੍ਰੋਜੈਕਟ ਬਾਰੇ ਕਈ ਸਵਾਲ ਕਰ ਰਹੀ ਹੈ। ਬੀਤੇ ਦਿਨੀਂ ਕੁਏਟਾ 'ਚ ਰਾਜ ਸਰਕਾਰ ਦੀ ਮੀਟਿੰਗ ਵਿੱਚ ਇਮਰਾਨ ਖਾਨ ਨੇ ਕਿਹਾ ਕਿ ਉਹ ਬਲੂਚ ਲੋਕਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣਗੇ। ਉਨ੍ਹਾਂ ਸੂਬੇ ਦੇ ਹਿੱਤਾਂ ਨੂੰ ਅਣਡਿੱਠ ਕਰਨ ਲਈ ਪਿਛਲੀਆਂ ਸਰਕਾਰਾਂ ਦੀ ਨਿੰਦਾ ਕੀਤੀ। ਇਮਰਾਨ ਪਹਿਲਾਂ ਸੀ ਪੀ ਈ ਸੀ ਪ੍ਰੋਜੈਕਟ ਵਿੱਚ ਪਾਰਦਰਸ਼ਿਤਾ ਤੇ ਭ੍ਰਿਸ਼ਟਾਚਾਰ ਬਾਰੇ ਪਿਛਲੀ ਸਰਕਾਰ ਦੀ ਪਹਿਲਾਂ ਵੀ ਆਲੋਚਨਾ ਕਰ ਚੁੱਕੇ ਹਨ।

# ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਪਤਨੀ ਉਤੇ ਧੋਖਾਧੜੀ ਦਾ ਮੁਕੱਦਮਾ ਸ਼ੁਰੂ



ਯੇਰੂਸ਼ਲਮ, 8 ਅਕਤੂਬਰ (ਪੋਸਟ ਬਿਊਰੋ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਪਤਨੀ ਸਾਰਾ ਨੇਤਨਯਾਹੂ ਕੱਲ੍ਹ ਧੋਖਾਧੜੀ ਦੇ ਮੁਕੱਦਮੇ ਦੀ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਹੋਈ। ਉਸ ਦੇ ਖਿਲਾਫ ਬਾਹਰੋਂ ਖਾਣਾ ਮੰਗਵਾਉਣ ਲਈ ਸਰਕਾਰੀ ਪੈਸੇ ਦੀ ਦੁਰਵਰਤੋਂ ਕਰਨ ਦਾ ਦੋਸ਼ ਹੈ।

ਇਸ ਸਾਲ ਜੂਨ ਵਿੱਚ ਦਰਜ ਹੋਏ ਕੇਸ ਵਿੱਚ ਕਿਹਾ ਗਿਆ ਹੈ ਕਿ ਸਾਰਾ ਨੇਤਨਯਾਹੂ ਨੇ ਇੱਕ ਸਰਕਾਰੀ ਮੁਲਾਜ਼ਮ ਨਾਲ ਮਿਲ ਕੇ ਇੱਕ ਰੈਸਟੋਰੈਂਟ ਤੋਂ ਖਾਣਾ ਮੰਗਵਾਉਣ ਉੱਤੇ ਇੱਕ ਲੱਖ ਡਾਲਰ ਸਰਕਾਰੀ ਫੰਡਾਂ ਵਿੱਚੋਂ ਖਰਚ ਕਰ ਦਿੱਤੇ, ਜਦ ਕਿ ਨਿਯਮ ਅਨੁਸਾਰ ਘਰ ਵਿੱਚ ਨੌਕਰ ਮਿਲਿਆ ਹੋਣ ਕਾਰਨ ਬਾਹਰੋਂ ਖਾਣਾ ਨਹੀਂ ਮੰਗਵਾਇਆ ਜਾ ਸਕਦਾ। ਸਾਰਾ ਨੇਤਨਯਾਹੂ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਇਸ ਬਾਰੇ ਉਸ 'ਤੇ ਜੂਨ ਮਹੀਨੇ 'ਚ ਦੋਸ਼ ਤੈਅ ਹੋਏ ਸਨ। ਦੋਸ਼ੀ ਪਾਏ ਜਾਣ ਉੱਤੇ ਸਾਰਾ ਨੂੰ ਪੰਜ ਸਾਲ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਅਦਾਲਤ 'ਚ ਆਈ ਸਾਰਾ ਤਣਾਅ ਵਿੱਚ ਨਜ਼ਰ ਆ ਰਹੀ ਸੀ ਤੇ ਉਹ ਚੁੱਪਚਾਪ ਆਪਣੇ ਵਕੀਲ ਦੇ ਪਿੱਛੇ ਬੈਂਚ ਉਤੇ ਬੈਠ ਗਈ। ਉਸ ਨੇ ਪੱਤਰਕਾਰਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ। ਸਾਰਾ ਦੇ ਵਕੀਲ ਨੇ ਅਦਾਲਤ ਵਿੱਚ ਦੱਸਿਆ ਕਿ ਸਾਰਾ ਨੇ ਕੋਈ ਨਿਯਮ ਨਹੀਂ ਤੋੜਿਆ ਅਤੇ ਉਸ ਦੇ ਮਨ੍ਹਾ ਕਰਨ ਦੇ ਬਾਵਜੂਦ ਮੁਲਾਜ਼ਮ ਬਾਹਰੋਂ ਖਾਣਾ ਮੰਗਵਾਉਂਦਾ ਰਿਹਾ ਸੀ। ਵਕੀਲ ਨੇ ਜੱਜ ਨੂੰ ਕਿਹਾ ਕਿ ਜਦੋਂ ਅਸੀਂ ਦਸਤਾਵੇਜ਼ ਪੇਸ਼ ਕਰਾਂਗੇ ਤਾਂ ਤੁਸੀਂ ਹੱਸਣ ਲਈ ਮਜਬੂਰ ਹੋ ਜਾਓਗੇ। ਪ੍ਰਧਾਨ ਮੰਤਰੀ ਨੇਤਨਯਾਹੂ ਖੁਦ ਵੀ ਕਈ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਆਪਣੀ ਪਤਨੀ ਸਾਰਾ ਉੱਤੇ ਲਗਏ ਗਏ ਦੋਸ਼ਾਂ ਨੂੰ ਬੇਬੁਨਿਆਦ ਕਿਹਾ ਹੈ।

ਸਾਰਾ ਨੇਤਨਯਾਹੂ (59) ਸਾਲ 2017 ਵਿੱਚ ਵੀ ਸੁਰਖੀਆਂ ਵਿੱਚ ਆਈ ਸੀ, ਜਦੋਂ ਇੱਕ ਪੱਤਰਕਾਰ ਨੇ ਉਨ੍ਹਾਂ 'ਤੇ ਦੋਸ਼ ਲਾਇਆ ਸੀ ਕਿ ਸਾਰਾ ਨੇ ਬਹਿਸ ਕਰਦੀ ਹੋਈ ਨੇ ਆਪਣੇ ਪਤੀ ਨੂੰ ਕਾਰ ਤੋਂ ਬਾਹਰ ਸੁੱਟ ਦਿੱਤਾ ਸੀ। ਬਾਅਦ ਵਿੱਚ ਸਾਰਾ ਇਹ ਕੇਸ ਜਿੱਤ ਗਈ ਸੀ। 2016 ਵਿੱਚ ਇੱਕ ਲੇਬਰ ਕੋਰਟ ਵਿੱਚ ਸਾਰਾ ਉੱਤੇ ਘਰ ਦੀ ਨੌਕਰਾਣੀ ਨਾਲ ਵੀ ਦੁਰ ਵਿਹਾਰ ਦੇ ਦੋਸ਼ ਲੱਗੇ ਸਨ ਜਿਸ ਕਾਰਨ ਬੈਂਜਾਮਿਨ ਨੇਤਨਯਾਹੂ ਦੀ ਸਾਖ ਨੂੰ ਕਾਫੀ ਧੱਕਾ ਲੱਗਾ ਸੀ।

## ਰੋਹਿੰਗਿਆ ਕੇਸ ਵਿੱਚ ਯੂ ਐਨ ਮਨੁੱਖੀ ਅਧਿਕਾਰ ਕਮਿਸ਼ਨ ਭਾਰਤ ਉੱਤੇ ਵਰ੍ਹ ਪਿਆ

ਜਨੇਵਾ, 8 ਅਕਤੂਬਰ (ਪੋਸਟ ਬਿਊਰੋ)- ਯੂ ਐਨ ਦੀ ਮਨੁੱਖੀ ਅਧਿਕਾਰ ਸੰਸਥਾ ਯੂ ਐਨ ਐਚ ਆਰ ਸੀ ਨੇ ਭਾਰਤ 'ਚ ਨਾਜਾਇਜ਼ ਦਾਖਲ ਹੋਏ ਸੱਤ ਰੋਹਿੰਗਿਆ ਲੋਕਾਂ ਨੂੰ ਵਾਪਸ ਮਿਆਂਮਾਰ ਭੇਜਣ 'ਤੇ ਭਾਰਤ ਨੂੰ ਝਾੜ ਪਾਈ ਹੈ।

ਮਿਲੀ ਜਾਣਕਾਰੀ ਅਨੁਸਾਰ ਯੂ ਐਨ ਦੀ ਇਸ ਸ਼ਰਨਾਰਥੀਆਂ ਦੀ ਪੈਰੋਕਾਰ ਸੰਸਥਾ ਨੇ ਡਰ ਪ੍ਰਗਟਾਇਆ ਹੈ ਕਿ ਮਿਆਂਮਾਰ 'ਚ ਇਨ੍ਹਾਂ ਰੋਹਿੰਗਿਆ ਮੁਸਲਮਾਨਾਂ ਨੂੰ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਉਸ ਦੇਸ਼ ਦੀ ਫੌਜ ਉੱਤੇ ਪਹਿਲਾਂ ਹੀ ਮੁਸਲਿਮ ਘੱਟ ਗਿਣਤੀਆਂ ਦੇ ਕਤਲੇਆਮ ਦੇ ਦੋਸ਼ ਲੱਗ ਰਹੇ ਹਨ। ਯੂ ਐਨ ਐਚ ਆਰ ਸੀ ਦਾ ਦੋਸ਼ ਹੈ ਕਿ ਭਾਰਤ ਨੇ ਪਹਿਲਾਂ ਖਬਰਦਾਰ ਕੀਤੇ ਜਾਣ ਦੇ ਬਾਵਜੂਦ ਇਹ ਕਦਮ ਚੁੱਕਿਆ ਹੈ। ਇਹ ਉਨ੍ਹਾਂ ਸੱਤ ਲੋਕਾਂ ਦੀ ਸੁਰੱਖਿਆ ਬਾਰੇ ਵੱਡਾ ਸਵਾਲ ਹੈ। ਯੂ ਐਨ ਐਚ ਆਰ ਸੀ ਦੇ ਬੁਲਾਰੇ ਅੰਦਰੇਜ਼ ਮੋਹੇਸਿਕ ਨੇ ਜਨੇਵਾ 'ਚ ਪੱਤਰਕਾਰਾਂ ਨੂੰ ਕਿਹਾ ਕਿ ਭਾਰਤ ਵਿੱਚ ਨਾਜਾਇਜ਼ ਤੌਰ 'ਤੇ ਘੁਸਪੈਠ ਕਰਨ ਦੇ ਦੋਸ਼ ਵਿੱਚ 2012 ਵਿੱਚ ਜੇਲ੍ਹ ਭੇਜੇ ਗਏ ਇਨ੍ਹਾਂ ਸੱਤ ਰੋਹਿੰ-ਗਿਆ ਮੁਸਲਮਾਨਾਂ ਦੀ ਹਵਾਲਗੀ ਤੋਂ ਪਹਿਲਾਂ ਯੂ ਐਨ ਨੇ ਇਨ੍ਹਾਂ ਸੱਤਾਂ ਦੇ ਮਿਆਂਮਾਰ ਪਹੁੰਚਣ 'ਤੇ ਇਨ੍ਹਾਂ ਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟਾ ਕੀਤੀ ਸੀ। ਯੂ ਐਨ ਐਚ ਆਰ ਸੀ ਨੇ ਇਸ ਗੱਲ 'ਤੇ ਵੀ ਚਿੰਤਾ ਪ੍ਰਗਟਾਈ ਕਿ ਉਨ੍ਹਾਂ ਦੀ ਅਪੀਲ ਭਾਰਤੀ ਪ੍ਰਸ਼ਾਸਨ ਨੇ ਨਜ਼ਰ ਅੰਦਾਜ਼ ਕਰ ਦਿੱਤੀ ਹੈ ਅਤੇ ਭਾਰਤ 'ਤੇ ਇਹ ਦੋਸ਼ ਵੀ ਲਾਇਆ ਕਿ ਉਨ੍ਹਾਂ ਨੂੰ ਕਾਨੂੰਨ ਤਹਿਤ ਸਰਕਾਰੀ ਵਕੀਲ ਵੀ ਉਨ੍ਹਾਂ ਨੂੰ ਹਾਸਲ ਨਹੀਂ ਕਰਵਾਇਆ। ਉਨ੍ਹਾਂ ਕਿਹਾ ਕਿ ਯੂ ਐਨ ਸੰਸਥਾ ਦਾ ਮੰਨਣਾ ਹੈ ਕਿ ਸੱਤ ਰੋਹਿੰਗਿਆ ਨੂੰ ਨਾ ਸਿਰਫ ਵਕੀਲ ਨਹੀਂ ਦਿੱਤਾ ਗਿਆ, ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਪ੍ਰਕਿਰਿਆ ਦਾ ਹਿੱਸਾ ਵੀ ਨਹੀਂ ਬਣਾਇਆ ਗਿਆ ਤੇ ਭਾਰਤ 'ਚ ਰਹਿਣ ਦੀਆਂ ਉਨ੍ਹਾਂ ਦੀਆਂ ਦਲੀਲਾਂ ਨੂੰ ਵੀ ਨਹੀਂ ਸੁਣਿਆ ਗਿਆ।

## ਏ ਆਈ ਪ੍ਰੋਜੈਕਟ ਬਾਰੇ ਅਮਰੀਕੀ ਅਧਿਕਾਰੀਆਂ ਨਾਲ ਪਿਚਈ ਦੀ ਗੁਪਤ ਬੈਠਕ

ਵਾਸ਼ਿੰਗਟਨ, 8 ਅਕਤੂਬਰ (ਪੋਸਟ ਬਿਊਰੋ)- ਸੋਸ਼ਲ ਮੀਡੀਆ ਦੀ ਦਿੱਗਜ ਕੰਪਨੀ ਗੂਗਲ ਦੇ ਭਾਰਤੀ ਮੂਲ ਦੇ ਸੀ ਈ ਓ ਸੁੰਦਰ ਪਿਚਈ ਨੇ ਪਿਛਲੇ ਹਫਤੇ ਵਾਸ਼ਿੰਗਟਨ 'ਚ ਫੌਜੀ ਹੈਡਕੁਆਰਟਰ ਪੈਂਟਾਗਨ ਦੇ ਅਧਿਕਾਰੀਆਂ ਨਾਲ ਗੁਪਤ ਬੈਠਕ ਕੀਤੀ ਸੀ। ਇੱਕ ਮੀਡੀਆ ਰਿਪੋਰਟ ਵਿੱਚ ਇਸ ਬੈਠਕ ਦਾ ਦਾਅਵਾ ਕੀਤਾ ਗਿਆ ਹੈ।

ਦੱਸਿਆ ਗਿਆ ਹੈ ਕਿ ਇਸ ਮੁਲਾਕਾਤ ਦੌਰਾਨ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਡਰੋਨ ਪ੍ਰੋਜੈਕਟ ਮਾਵੇਨ ਉੱਤੇ ਗੱਲਬਾਤ ਹੋਈ ਹੋਣ ਦੀਆਂ ਅਟਕਲਾਂ ਲੱਗ ਰਹੀਆਂ ਹਨ। ਅਸਲ 'ਚ ਗੂਗਲ ਦੇ ਚਾਰ ਹਜ਼ਾਰ ਮੁਲਾਜ਼ਮਾਂ ਨੇ ਇੱਕ ਪਟੀਸ਼ਨ 'ਤੇ ਦਸਖਤ ਕਰ ਕੇ ਜੰਗ 'ਚ ਵਰਤਣ ਵਾਲੀ ਤਕਨੀਕ ਵਿਕਸਿਤ ਕਰਨ ਦਾ ਵਿਰੋਧ ਕੀਤਾ ਸੀ। ਵਿਆਪਕ ਵਿਰੋਧ ਤੋਂ ਬਾਅਦ ਗੂਗਲ ਨੇ ਅਮਰੀਕੀ ਰੱਖਿਆ ਮੰਤਰਾਲੇ ਨਾਲ ਮਾਵੇਨ ਬਾਰੇ ਹੋਏ ਸਮਝੌਤੇ ਨੂੰ ਰੀਨਿਊ ਨਾ ਕਰਨ ਦਾ ਫੈਸਲਾ ਕੀਤਾ ਹੈ। ਮਾਵੇਨ ਦੀ ਏ ਆਈ ਤਕਨੀਕ ਦੀ ਵਰਤੋਂ ਡਰੋਨ ਵੱਲੋਂ ਲਏ ਗਏ ਫੁਟੇਜ ਦਾ ਵਿਸ਼ਲੇਸ਼ਣ ਕਰਨ ਵਿੱਚ ਕੀਤੀ ਜਾਂਦੀ ਹੈ। 2019 'ਚ ਇਸ ਨਾਲ ਜੁੜੇ ਸਮਝੌਤੇ ਦੀ ਮਿਆਦ ਖਤਮ ਹੋ ਰਹੀ ਹੈ। ਪਿਚਈ ਦਾ ਕਹਿਣਾ ਸੀ ਕਿ ਗੂਗਲ ਅਜਿਹੀ ਏ ਆਈ ਤਕਨੀਕ ਵਿਕਸਿਤ ਨਹੀਂ ਕਰੇਗਾ, ਜਿਸ ਦਾ ਉਦੇਸ਼ ਲੋਕਾਂ ਨੂੰ ਨੁਕਸਾਨ ਪਹੁੰਚਾਉਣਾ ਹੈ।

## ਵਾਇਰਲ ਬਿਮਾਰੀਆਂ ਨਾਲ ਲੜਨ ਜੋਗੀ ਸਮਰੱਥਾ ਮਨੁੱਖਾਂ ਨੂੰ ਆਦਿ ਮਨੁੱਖ ਤੋਂ ਮਿਲੀ ਸੀ

ਬੋਸਟਨ, 8 ਅਕਤੂਬਰ (ਪੋਸਟ ਬਿਊਰੋ)- ਅੱਜ ਕੱਲ੍ਹ ਮਨੁੱਖਾਂ ਨੂੰ ਹੈਪੇਟਾਈਟਸ ਅਤੇ ਇਨਫੂਲਏਂਜ਼ਾ ਵਰਗੀਆਂ ਵਾਇਰਲ ਬਿਮਾਰੀਆਂ ਨਾਲ ਲੜਨ ਦੀ ਜਿਹੜੀ ਜੱਦੀ ਸਮੱਰਥਾ ਦੀ ਲੋੜ ਪੈਂਦੀ ਹੈ, ਉਹ ਇਨਸਾਨ ਨੂੰ ਆਦਿ ਮਨੁੱਖ ਤੋਂ ਮਿਲੀ ਸੀ। ਇੱਕ ਅਧਿਐਨ 'ਚ ਇਹ ਪਾਇਆ ਗਿਆ ਹੈ ਕਿ ਪੰਜਾਹ ਹਜ਼ਾਰ ਸਾਲ ਪਹਿਲਾਂ ਜਦੋਂ ਦੋਵੇਂ ਨਸਲਾਂ ਦਾ ਮੁੱਢ ਬੱਝਾ ਸੀ ਤਾਂ ਮਨੁੱਖ ਵਿੱਚ ਇਹ ਜੱਦੀ ਗੁਣ ਉਸ ਵਕਤ ਹੀ ਆ ਗਿਆ ਸੀ। ਪੁਰਾਤਨ ਸਮੇਂ ਦੇ ਆਦਿਵਾਸੀ ਮਨੁੱਖ ਭੇਦ-ਭਰੇ ਢੰਗ ਨਾਲ ਲਗਭਗ ਚਾਲੀ ਹਜ਼ਾਰ ਸਾਲ ਪਹਿਲਾਂ ਖਤਮ ਹੋ ਗਏ ਸਨ, ਪਰ ਇਸ ਤੋਂ ਪਹਿਲਾਂ ਉਨ੍ਹਾਂ ਨੇ ਮਨੁੱਖ ਦੀਆਂ ਹੋਰ ਨਸਲਾਂ ਨਾਲ ਜਣੇਪਾ ਕੀਤਾ, ਜੋ ਕੌਮਾਂਤਰੀ ਤੌਰ ਉੱਤੇ ਇਸ ਦੇ ਫੈਲਣ ਦੀ ਸ਼ੁਰੂਆਤ ਸੀ। ਇਸ ਪ੍ਰਾਚੀਨ ਜਣੇਪੇ ਦੇ ਨਤੀਜੇ ਵਜੋਂ ਅੱਜ ਕਈ ਆਧੁਨਿਕ ਯੂਰਪੀ ਤੇ ਏਸ਼ੀਆਈ ਮਨੁੱਖਾਂ ਦੇ ਜੀਨ ਦੇ ਗਰੁੱਪਾਂ ਵਿੱਚ ਲਗਭਗ ਦੋ ਫੀਸਦੀ ਡੀ ਐਨ ਏ ਉਸ ਆਦਿ ਮਨੁੱਖ ਦੇ ਵੇਲੇ ਦਾ ਹੈ।

# ਅਮਰੀਕਾ ਤੇ ਉੱਤਰੀ ਕੋਰੀਆ ਐਟਮੀ ਪ੍ਰੋਗਰਾਮ ਉੱਤੇ ਕੰਮ ਕਰਦੇ ਰਹਿਣਗੇ



ਸਿਓਲ, 8 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਕੱਲ੍ਹ ਏਥੇ ਕਿਹਾ ਕਿ ਉੱਤਰੀ ਕੋਰੀਆ ਅਤੇ ਅਮਰੀਕਾ ਐਟਮੀ ਨਿਸ਼ਸਤਰੀਕਰਨ ਦੀ ਦਿਸ਼ਾ ਵਿੱਚ ਪ੍ਰਗਤੀ ਲਈ ਕੰਮ ਕਰਦੇ ਰਹਿਣ-ਗੇ।

ਉੱਤਰੀ ਕੋਰੀਆ ਦੇ ਸਰਬ ਉਚ ਆਗੂ ਕਿਮ ਜੋਂਗ ਉਨ ਨਾਲ ਦੋ ਘੰਟੇ ਤੱਕ ਦੀ ਮੀਟਿੰਗ ਪਿੱਛੋਂ ਪੋਂਪੀਓ ਨੇ ਇਹ ਗੱਲ ਕਹੀ। ਦੋਵਾਂ ਦੀ ਇਹ ਲੰਚ ਮੀਟਿੰਗ ਉੱਤਰੀ ਕੋਰੀਆ ਦੀ ਰਾਜਧਾਨੀ ਪਿਓਂਗਯਾਂਗ ਦੇ ਸਰਕਾਰੀ ਗੈਸਟ ਹਾਊਸ ਵਿੱਚ ਹੋਈ। ਇਸ ਸਾਲ ਮਾਰਚ ਪਿੱਛੋਂ ਪੋਂਪੀਓ ਚੌਥੀ ਵਾਰ ਉੱਤਰੀ ਕੋਰੀਆ ਦੀ ਯਾਤਰਾ ਉੱਤੇ ਪੁੱਜੇ ਸਨ। ਉਨ੍ਹਾਂ ਨੂੰ ਲੰਚ ਦੌਰਾਨ ਕਿਮ ਨੇ ਕਿਹਾ ਕਿ ਅੱਜ ਬਹੁਤ ਚੰਗਾ ਦਿਨ ਹੈ, ਜੋ ਦੋਵਾਂ ਦੇਸ਼ਾਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹੈ। ਇਸ ਦੇ ਜਵਾਬ ਵਿੱਚ ਪੋਂਪੀਓ ਨੇ ਕਿਹਾ ਕਿ ਮੇਜ਼ਬਾਨੀ ਲਈ ਧੰਨਵਾਦ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੁਹਾਡੇ ਲਈ ਸਨਮਾਨ ਭੇਜਿਆ ਹੈ। ਅੱਜ ਦੀ ਸਵੇਰ ਸਾਡੇ ਲਈ ਬਹੁਤ ਸਫਲ ਰਹੀ। ਤੁਹਾਡਾ ਬਹੁਤ-ਬਹੁਤ ਧੰਨਵਾਦ।

ਇਸ ਦੌਰੇ ਲਈ ਪੋਂਪੀਓ ਦੇ ਨਾਲ ਆਏ ਇੱਕ ਅਮਰੀਕੀ ਅਧਿਕਾਰੀ ਨੇ ਦੱਸਿਆ ਕਿ ਇਸ ਵਾਰ ਯਾਤਰਾ ਪਹਿਲਾਂ ਦੇ ਮੁਕਾਬਲੇ ਵੱਧ ਸਕਾਰ-ਾਤਮਕ ਹੈ। ਆਪਣੇ ਇਸ ਏਸ਼ੀਆ ਦੌਰੇ ਉੱਤੇ ਪੋਂਪੀਓ ਸਭ ਤੋਂ ਪਹਿਲਾਂ ਜਾਪਾਨ ਗਏ ਤੇ ਜਾਪਾਨ ਤੋਂ ਉੱਤਰੀ ਕੋਰੀਆ ਪੁੱਜੇ। ਦੇਸ਼ ਪਰਤਣ ਤੋਂ ਪਹਿਲੇ ਪੋਂਪੀਓ ਚੀਨ ਜਾਣਗੇ।

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
- Unbeatable Prices
- Good Rates
- Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230
Mississauga, ON L4W 5G6

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Jobs Jobs Jobs
General Labour/ Unloader/ Window Assemblers & Machine Operators
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT | BRAND NEW MACHINES 2018
Brake & Drum - On Special Sale!
-Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
7 ਦਿਨ ਖੁੱਲਾ
www.besttruckrepairandtire.ca | Email: ranjitbesttruck@yahoo.ca
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

ਕੋਟਕਪੂਰਾ-ਬਰਗਾੜੀ ਮਾਰਚ

# ਪੰਜਾਬ ਸਰਕਾਰ ਨੂੰ ਕਾਰਵਾਈ ਲਈ 15 ਦਿਨਾਂ ਦਾ ਅਲਟੀਮੇਟਮ ਦੇ ਦਿੱਤਾ ਗਿਆ

ਬਰਗਾੜੀ, 8 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਦੇ ਲਈ ਸੰਗਤਾਂ ਦੇ ਆਪ-ਮੁਹਾਰੇ ਇਕੱਠ ਵਾਲਾ ਰੋਸ ਮਾਰਚ ਅੱਜ ਜਦੋਂ ਬਰਗਾੜੀ ਪੁੱਜਾ ਤਾਂ ਪੰਡਾਲ ਵਾਲੀ ਥਾਂ ਖੜੋ ਕੇ ਲੋਕਾਂ ਨੂੰ ਬੁਲਾਰਿਆਂ ਦੇ ਭਾਸ਼ਣ ਸੁਣਨੇ ਪਏ। ਆਮ ਪ੍ਰਭਾਵ ਹੈ ਕਿ ਇਹ ਇਕੱਠੇ ਹਰ ਕਿਸੇ ਵੱਲੋਂ ਲਾਏ ਅੰਦਾਜ਼ੇ ਨਾਲੋਂ ਵੱਧ ਸੀ ਤੇ ਇਸ ਕਾਰਨ ਕੋਟਕਪੂਰਾ ਤੋਂ ਬਰਗਾੜੀ ਤਕ ਹਾਈਵੇਅ ਜਾਮ ਹੋਇਆ ਰਿਹਾ।



ਤਿੰਨ ਸਾਲ ਪਹਿਲਾਂ ਚੱਬਾ ਦੇ ਸਰਬੱਤ ਖਾਲਸਾ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਬਣਾਏ ਗਏ ਧਿਆਨ ਸਿੰਘ ਮੰਡ ਨੇ ਅੱਜ ਏਥੇ ਐਲਾਨ ਕੀਤਾ ਕਿ ਜਿੰਨੀ ਦੇਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਾਂਡ ਕਾਂਡ ਦੇ ਦੋਸ਼ੀ ਫੜੇ ਨਹੀਂ ਜਾਂਦੇ ਅਤੇ ਜੇਲ੍ਹ ਵਿੱਚ ਬੰਦ ਸਿੰਘਾਂ ਦੀ ਰਿਹਾਈ ਸਮੇਤ ਅਕਾਲ ਤਖ਼ਤ ਸਾਹਿਬ ਆਜ਼ਾਦ ਨਹੀਂ ਹੁੰਦੇ, ਉਦੋਂ ਤੱਕ ਉਹ ਟਿਕ ਕੇ ਨਹੀਂ ਬੈਠ ਸਕਣਗੇ। ਕੈਪਟਨ ਅਮਰਿੰਦਰ ਸਿੰਘ ਵਿਰੁੱਧ ਤਿੱਖੀ ਸੁਰ ਰੱਖਦੇ ਹੋਏ ਧਿਆਨ ਸਿੰਘ ਮੰਡ ਅੱਜ ਪ੍ਰਧਾਨ ਮੰਤਰੀ ਅਤੇ ਬਾਦਲਾਂ 'ਤੇ ਵੀ ਪੂਰੇ ਜ਼ੋਰ ਨਾਲ ਵਰ੍ਹੇ।

ਆਮ ਆਦਮੀ ਪਾਰਟੀ ਦੇ ਬਾਗ਼ੀ ਹੋਏ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਬਹਿਬਲ ਕਲਾਂ ਗੋਲੀ ਕਾਂਡ ਵਾਲੇ ਦਿਨ 14 ਅਕਤੂਬਰ ਨੂੰ ਇੱਕ ਵਾਰ ਫਿਰ ਬਰਗਾੜੀ ਆਉਣ ਦਾ ਮਤਾ ਪੇਸ਼ ਕਰ ਕੇ ਪ੍ਰਵਾਨਗੀ ਮੰਗੀ ਤਾਂ ਲੋਕਾਂ ਨੇ ਜੈਕਾਰੇ ਗੁੰਜਾ ਦਿੱਤੇ। ਖਹਿਰਾ ਨੇ ਪੰਜਾਬ ਸਰਕਾਰ ਨੂੰ ਬਾਦਲ ਪਿਉ-ਪੁੱਤ ਅਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਨਾਲ ਬਹਿਬਲ ਕਾਂਡ ਦੇ ਸਾਰੇ ਦੋਸ਼ੀਆਂ ਵਿਰੁੱਧ 15 ਦਿਨਾਂ ਦੇ ਅੰਦਰ ਕੇਸ ਦਰਜ ਕਰਨ ਦਾ ਅਲਟੀਮੇਟਮ ਦਿੱਤਾ ਤੇ ਕਿਹਾ ਕਿ ਜੇ ਅਜਿਹਾ ਨਾ ਹੋਇਆ ਤਾਂ ਹੋਰ ਵੱਡਾ ਪ੍ਰੋਗਰਾਮ ਉਲੀਕ ਲਿਆ ਜਾਵੇਗਾ। ਰੋਸ ਮਾਰਚ ਦੇ ਲਈ ਪਿਛਲੇ ਦਿਨਾਂ ਤੋਂ ਸਰਗਰਮ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਨਾਲ ਪੈਰ-ਪੈਰ ਉੱਤੇ ਵਧੀਕੀਆਂ ਦੇ ਦੋਸ਼ ਲਾਉਣ ਦੇ ਨਾਲ ਰਾਜ ਵਿਚਲੇ ਭ੍ਰਿਸ਼ਟਾਚਾਰ, ਤਬਾਹ ਹੋਏ ਵਪਾਰ ਤੇ ਬੇਰੁਜ਼ਗਾਰੀ ਦੇ ਮੁੱਦਿਆਂ ਦੀ ਗੱਲ ਵੀ ਕੀਤੀ। ਉਨ੍ਹਾਂ ਬੇਅਦਬੀ ਘਟਨਾਵਾਂ ਲਈ ਅਕਾਲੀ ਦਲ ਨੂੰ ਜ਼ਿੰਮੇਵਾਰ ਦੱਸ ਕੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਅੱਜ ਕੱਲ੍ਹ ਇਨਸਾਫ਼ ਮੰਗਦੇ ਲੋਕ ਪਾਕਿਸਤਾਨੀ ਏਜੰਟ ਨਜ਼ਰ ਆਉਂਦੇ ਹਨ।

ਇਸੇ ਮੰਚ ਤੋਂ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਬੇਅਦਬੀ ਘਟਨਾਵਾਂ ਲਈ ਅਕਾਲੀਆਂ ਨੂੰ ਦੋਸ਼ੀ ਕਰਾਰ ਦੇਂਦੇ ਹੋਏ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਤੇ ਦੋਸ਼ੀਆਂ ਨੂੰ ਆਪਣੇ ਖੰਭਾਂ ਹੇਠ ਲੁਕਾਉਣ ਦੇ ਦੋਸ਼ ਲਾਏ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਨਾਲ ਕਦਮ-ਕਦਮ ਉੱਤੇ ਹੁੰਦੀ ਧੱਕੇਸ਼ਾਹੀ ਦੀ ਚਰਚਾ ਕਰ ਕੇ ਨਿਆਂ ਪ੍ਰਾਪਤੀ ਤੱਕ ਬਰਗਾੜੀ ਮੋਰਚਾ ਜਾਰੀ ਰੱਖਣ ਦੀ ਗੱਲ ਦੁਹਰਾਈ। ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਹਿੰਦੂ-ਸਿੱਖਾਂ ਵਿੱਚ ਨਫ਼ਰਤ ਭਰ ਕੇ ਉੱਲੂ ਸਿੱਧਾ ਕਰਨ ਦੀ ਤਾਕ ਵਿੱਚ ਲੱਗੀਆਂ ਤਾਕਤਾਂ ਤੋਂ ਚੌਕਸ ਹੋਣ ਦਾ ਸੁਨੇਹਾ ਦਿੱਤਾ।

## ਗੈਂਗਸਟਰ ਦੀ ਬਰਥਡੇਅ ਪਾਰਟੀ ਤੋਂ ਮੁੜਦੇ ਮੁੰਡਿਆਂ ਉੱਤੇ ਗੋਲੀ ਚੱਲੀ, ਦੋ ਦੀ ਮੌਤ

ਫਿਰੋਜ਼ਪੁਰ, 8 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਰਾਤ ਸ਼ੇਰਖਾਂ ਪਿੰਡ ਤੋਂ ਬਰਥਡੇਅ ਮਨਾ ਕੇ ਮੁੜਦੇ ਪੰਜ ਮੁੰਡਿਆਂ ਉਤੇ ਚੁੰਗੀ ਨੰਬਰ ਸੱਤ ਦੇ ਕੋਲ ਗੈਂਗਸਟਰ ਵਿੱਕੀ, ਵਿਲਸਨ ਤੇ ਸੈਮੁਅਲ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਦੋ ਦੀ ਮੌਕੇ 'ਤੇ ਮੌਤ ਹੋ ਗਈ ਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਇਲਾਜ ਦੇ ਲਈ ਫਰੀਦਕੋਟ ਮੈਡੀਕਲ ਕਾਲਜ ਦੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ।



ਥਾਣਾ ਫਿਰੋਜ਼ਪੁਰ ਕੈਂਟ ਦੇ ਮੁਖੀ ਨਵੀਨ ਸ਼ਰਮਾ ਨੇ ਦੱਸਿਆ ਕਿ ਕਿਸੇ ਕੇਸ ਵਿੱਚ ਬੰਦ ਵਿੱਕੀ ਵਾਸੀ ਸ਼ਾਂਤੀ ਨਗਰ ਅਤੇ ਡਰੱਗ ਕੇਸ ਵਿੱਚ ਬੰਦ ਜੱਗਾ ਵਾਸੀ ਰੁਕਨਾ ਮੁੰਗਲਾ ਦੀ ਜੇਲ੍ਹ ਵਿੱਚ ਕੋਈ ਝੜਪ ਹੋਈ ਸੀ ਤੇ ਉਸ ਤੋਂ ਬਾਅਦ ਦੋਵੇਂ ਇੱਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ ਸਨ। ਵਿੱਕੀ ਜ਼ਮਾਨਤ 'ਤੇ ਜੇਲ੍ਹ 'ਚੋਂ ਬਾਹਰ ਆ ਗਿਆ ਤਾਂ ਡਰੱਗ ਐਕਟ 'ਚ 10 ਸਾਲ ਸਜ਼ਾ ਕੱਟ ਰਿਹਾ ਜਗਸੀਰ ਸਿੰਘ ਉਰਫ ਜੱਗਾ ਵੀ ਤਿੰਨ ਅਕਤੂਬਰ ਨੂੰ ਛੁੱਟੀ 'ਤੇ ਆਇਆ ਸੀ। ਸ਼ਨੀਵਾਰ ਜੱਗਾ ਦਾ ਜਨਮ ਦਿਨ ਹੋਣ ਕਾਰਨ ਉਸ ਦੇ ਦੋਸਤ ਸ਼ੀਸ਼ਪਾਲ ਨੇ ਪਿੰਡ ਸ਼ੇਰਖਾਂ ਆਪਣੇ ਘਰ ਪਾਰਟੀ ਰੱਖੀ ਸੀ, ਜਿੱਥੇ ਸ਼ਾਮਲ ਹੋਣ ਲਈ ਜੱਗਾ ਅਤੇ ਉਸ ਦੇ ਸਾਥੀ ਪਿੰਡ ਸ਼ੇਰਖਾਂ ਗਏ ਸਨ। ਰਾਤ ਕਰੀਬ 11 ਵਜੇ ਜਦ ਉਹ ਉਥੋਂ ਵਾਪਸ ਆ ਰਹੇ ਸਨ ਤਾਂ ਜੱਗਾ ਆਪਣੇ ਮੋਟਰ ਸਾਈਕਲ 'ਤੇ ਚਲਾ ਗਿਆ, ਪਹਿਲਾਂ ਤੋਂ ਹੀ ਰੇਕੀ ਕਰ ਕੇ ਬੈਠੇ ਵਿੱਕੀ ਤੇ ਉਸ ਦੇ ਸਾਥੀਆਂ ਨੇ ਕਾਰ 'ਚ ਆ ਰਹੇ ਜੱਗਾ ਦੇ ਦੋਸਤਾਂ 'ਤੇ ਇਹ ਸਮਝ ਕੇ ਗੋਲੀਆਂ ਚਲਾ ਦਿੱਤੀਆਂ ਕਿ ਉਹ ਇਸੇ ਕਾਰ ਵਿੱਚ ਹੈ, ਪਰ ਇਸ ਗੋਲੀ ਕਾਂਡ ਵਿੱਚ ਹਰਜਿੰਦਰ ਸਿੰਘ ਉਰਫ ਮਿੱਕਾ ਵਾਸੀ ਆਜ਼ਾਦ ਨਗਰ, ਸੋਨੂੰ ਗਿੱਲ ਵਾਸੀ ਅੰਮ੍ਰਿਤਸਰ ਗੇਟ ਦੀ ਮੌਤ ਹੋ ਗਈ, ਚਮਕੌਰ ਸਿੰਘ ਵਾਸੀ ਆਜ਼ਾਦ ਨਗਰ ਲੱਤ 'ਚ ਗੋਲੀ ਲੱਗੀ ਹੈ। ਨਵੀਨ ਸ਼ਰਮਾ ਨੇ ਦੱਸਿਆ ਕਿ ਜਗਸੀਰ ਸਿੰਘ ਜੱਗਾ ਦੇ ਬਿਆਨਾਂ ਅਤੇ ਵਿਲਸਨ ਤੇ ਉਨ੍ਹਾਂ ਦੇ ਅੱਠ ਅਣਪਛਾਤੇ ਸਾਥੀਆਂ ਖਿਲਾਫ ਕੇਸ ਦਰਜ ਕਰ ਲਿਆ ਤੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਕਤਲ ਤੋਂ ਬਾਅਦ ਵਿੱਕੀ ਨੇ ਫੇਸਬੁਕ 'ਤੇ ਲਾਈਵ ਹੋ ਕੇ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਲਈ ਤੇ ਜੱਗਾ ਨੂੰ ਖੁੱਲ੍ਹਾ ਚੈਲਿੰਜ ਦਿੱਤਾ ਕਿ ਉਸ ਨੂੰ ਉਸ ਦੇ ਜਨਮ ਦਿਨ ਦਾ ਤੋਹਫਾ ਦਿੱਤਾ ਗਿਆ ਹੈ ਤੇ ਜਿਨ੍ਹਾਂ ਲੋਕਾਂ ਨੇ ਜੱਗਾ ਨੂੰ ਉਸ ਦੇ ਜਨਮ ਦਿਨ ਦੀ ਵਧਾਈ ਦਿੱਤੀ ਹੈ, ਉਨ੍ਹਾਂ ਨੂੰ ਵੀ ਦੇਖ ਲੈਣ ਦੀ ਧਮਕੀ ਦਿੱਤੀ।

## ਕਾਂਗਰਸ ਵੱਲੋਂ ਦੋਸ਼, ਪ੍ਰਧਾਨ ਮੰਤਰੀ ਦੇ ਦਬਾਅ ਹੇਠ ਚੋਣ ਕਮਿਸ਼ਨ ਦੀ ਪ੍ਰੈੱਸ ਕਾਨਫਰੰਸ ਲੇਟ ਕੀਤੀ ਗਈ

ਕੋਲਕਾਤਾ, 8 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਵਿੱਚ ਦੇਰੀ ਕਰਨ ਲਈ ਚੋਣ ਕਮਿਸ਼ਨ ਉੱਤੇ ਦਬਾਅ ਬਣਾਇਆ ਸੀ, ਕਿਉਂਕਿ ਰਾਜਸਥਾਨ ਵਿੱਚ ਨਰਿੰਦਰ ਮੋਦੀ ਨੇ ਰੈਲੀ ਨੂੰ ਸੰਬੋਧਨ ਕਰਨਾ ਸੀ। ਮੁੱਖ ਚੋਣ ਕਮਿਸ਼ਨਰ ਓ ਪੀ ਰਾਵਤ ਨੇ ਕਾਂਗਰਸ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਚੋਣ ਕਮਿਸ਼ਨ ਕਿਸੇ ਦੇ ਦਬਾਅ ਹੇਠ ਕੰਮ ਨਹੀਂ ਕਰਦਾ ਅਤੇ ਚੋਣਾਂ ਦੀਆਂ ਤਰੀਕਾਂ ਦੇ ਐਲਾਨ 'ਚ ਕਰੀਬ ਤਿੰਨ ਘੰਟੇ ਦੀ ਦੇਰੀ ਦੇ ਉਨ੍ਹਾਂ ਨੇ ਕਾਰਨ ਵੀ ਦੱਸੇ ਹਨ।



ਕੋਲਕਾਤਾ ਵਿੱਚ ਸੀਨੀਅਰ ਕਾਂਗਰਸ ਆਗੂ ਰਣਦੀਪ ਸਿੰਘ ਸੁਰਜੇਵਾਲਾ ਨੇ ਦੋਸ਼ ਲਾਉਂਦਿਆਂ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਦੀ ਸਫ਼ਾਈ ਬੇਤੁਕੀ ਅਤੇ ਹੈਰਾਨੀ ਵਾਲੀ ਹੈ ਤੇ ਭਾਜਪਾ 'ਸੁਪਰ ਚੋਣ ਕਮਿਸ਼ਨਰ' ਦੀ ਭੂਮਿਕਾ ਨਿਭਾ ਰਹੀ ਹੈ। ਸੁਰਜੇਵਾਲਾ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਇਹ ਕੰਮ ਪਿਛਲੇ ਸਾਲ ਗੁਜਰਾਤ ਚੋਣਾਂ ਦੀਆਂ ਤਰੀਕਾਂ ਐਲਾਨ ਕਰਨ ਸਮੇਂ ਵੀ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੇ ਇਹ ਦਾਅ ਸਫਲ ਨਹੀਂ ਹੋਣਗੇ ਤੇ ਲੋਕ ਉਸ ਤੋਂ ਅੱਕੇ ਪਏ ਹਨ।

ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੇ ਦੁਪਹਿਰ ਸਾਢੇ 12 ਵਜੇ ਪ੍ਰੈੱਸ ਕਾਨਫਰੰਸ ਕਰਨੀ ਸੀ, ਪਰ ਸਮਾਂ ਬਦਲ ਕੇ ਤਿੰਨ ਵਜੇ ਕਰ ਦਿੱਤਾ ਗਿਆ ਸੀ। ਮੁੱਖ ਚੋਣ ਕਮਿਸ਼ਨਰ ਰਾਵਤ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ 'ਸਾਡੇ ਉੱਤੇ ਕੋਈ ਦਬਾਅ ਨਹੀਂ। ਜੇ ਕੋਈ ਸੋਚਦਾ ਹੈ ਕਿ ਕਿਸੇ ਦਾ ਪੱਖ ਪੂਰਿਆ ਹੈ ਤਾਂ ਉਹ ਸ਼ਿਕਾਇਤ ਕਰਨ ਲਈ ਆਜ਼ਾਦ ਹੈ।' ਪ੍ਰੈੱਸ ਕਾਨਫਰੰਸ ਦੀ ਸਮਾਂ ਬਦਲੀ ਦੇ ਤਿੰਨ ਕਾਰਨ ਮੁੱਖ ਚੋਣ ਕਮਿਸ਼ਨਰ ਨੇ ਇਹ ਦੱਸੇ ਕਿ ਤਿਲੰਗਾਨਾ ਚੋਣ ਸੂਚੀ ਦੀ ਆਖਰੀ ਮਿੰਟ ਤਕ ਪੜਚੋਲ ਕਰਨੀ ਪਈ, ਹਾਈ ਕੋਰਟ ਦੇ ਤਿਲੰਗਾਨਾ ਚੋਣ ਸੂਚੀ ਦਿਖਾਉਣ ਦੇ ਨਿਰਦੇਸ਼ ਸਨ ਅਤੇ ਖ਼ਰਾਬ ਮੌਸਮ ਦੀ ਸੰਭਾਵਨਾ ਕਾਰਨ ਜ਼ਿਮਨੀ ਚੋਣਾਂ ਵਿੱਚ ਦੇਰੀ ਦੀ ਬੇਨਤੀ ਬਾਰੇ ਸੋਚਣਾ ਪੈਣਾ ਸੀ। ਕਾਂਗਰਸ ਵੱਲੋਂ ਲਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਰਾਵਤ ਨੇ ਕਿਹਾ ਕਿ ਸਿਆਸੀ ਆਗੂ ਹਰ ਗੱਲ 'ਚ ਸਿਆਸਤ ਦੇਖਦੇ ਹਨ।

## ਅਖਿਲੇਸ਼ ਯਾਦਵ ਵੱਲੋਂ ਰਾਹੁਲ ਨੂੰ ਝਟਕਾ, ਕਾਂਗਰਸ ਨਾਲ ਗਠਜੋੜ ਤੋਂ ਨਾਂਹ

ਨਵੀਂ ਦਿੱਲੀ, 8 ਅਕਤੂਬਰ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਲਈ ਤਰੀਕ ਦਾ ਐਲਾਨ ਹੁੰਦੇ ਸਾਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਇਕ ਹੋਰ ਝਟਕਾ ਲੱਗ ਗਿਆ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਵੀ ਅੱਜ ਕਾਂਗਰਸ ਦੇ ਨਾਲ ਗਠਜੋੜ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ।

ਅਖਿਲੇਸ਼ ਸਿੰਘ ਨੇ ਅੱਜ ਏਥੇ ਕਿਹਾ ਕਿ ਕਾਂਗਰਸ ਲਈ ਅਸੀਂ ਕਾਫੀ ਇੰਤਜ਼ਾਰ ਕੀਤਾ, ਪਰ ਅੱਗੋਂ ਗਠਜੋੜ ਲਈ ਬੀ ਐੱਸ ਪੀ ਅਤੇ ਜੀ ਜੀ ਪੀ ਨਾਲ ਗੱਲ ਕਰਾਂਗੇ। ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਸਮਾਜਵਾਦੀ ਪਾਰਟੀ ਦੇ ਨਾਲ ਕਾਂਗਰਸ ਗਠਜੋੜ ਕਰਨਾ ਚਾਹੁੰਦੀ ਸੀ, ਪਰ ਅਖਿਲੇਸ਼ ਸਿੰਘ ਨੇ ਸੰਭਾਵਨਾ ਰੱਦ ਕਰ ਦਿੱਤੀ ਹੈ। ਲਖਨਊ 'ਚ ਪੱਤਰਕਾਰਾਂ ਨੂੰ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਬਹੁਤ ਉਡੀਕ ਕਰਵਾ ਲਈ ਹੈ, ਅੱਗੋਂ ਅਸੀਂ ਮੱਧ ਪ੍ਰਦੇਸ਼ ਵਿੱਚ ਗੋਂਡਵਾਨਾ ਗਣਤੰਤਰ ਪਾਰਟੀ ਨਾਲ ਗਠਜੋੜ ਕਰਾਂਗੇ। ਬੀ ਐੱਸ ਪੀ ਨਾਲ ਵੀ ਗੱਲ ਹੋਵੇਗੀ। ਅਖਿਲੇਸ਼ ਸਿੰਘ ਨੇ ਕਾਂਗਰਸ ਉੱਤੇ ਦੋਸ਼ ਲਾਇਆ ਕਿ ਕਾਂਗਰਸ ਜਨਤਕ ਮਾਮਲਿਆਂ ਨੂੰ ਲਟਕਾਈ ਰੱਖਣ ਦੀ ਮਾਹਰ ਹੈ। ਉਮੀਦਵਾਰ ਕਾਗਜ਼ ਪੇਸ਼ ਕਰ ਲੈਣਗੇ ਤਾਂ ਕਾਂਗਰਸ ਓਦੋਂ ਵੀ ਕਹੇਗੀ ਕਿ ਗੱਲਬਾਤ ਕਰ ਰਹੇ ਹਾਂ।

## ਸਰਕਾਰੀ ਕਰਮਚਾਰੀ ਚੋਣ ਡਿਊਟੀ ਤੋਂ ਨਾਂਹ ਨਹੀਂ ਕਰ ਸਕਦੇ: ਹਾਈ ਕੋਰਟ

ਚੰਡੀਗੜ੍ਹ, 8 ਅਕਤੂਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਚੋਣ ਡਿਊਟੀ ਨੂੰ ਸਰਕਾਰੀ ਮੁਲਾਜ਼ਮਾਂ ਦਾ ਸੰਵਿਧਾਨਕ ਕਰੱਤਵ ਦੱਸਦੇ ਹੋਏ ਕਿਹਾ ਹੈ ਕਿ ਜਾਇਜ਼ ਨਿਯਮਾਂ ਤਹਿਤ ਕਿਸੇ ਵੀ ਸਰਕਾਰੀ ਕਰਮਚਾਰੀ ਨੂੰ ਚੋਣ ਡਿਊਟੀ 'ਤੇ ਤੈਨਾਤ ਕੀਤਾ ਜਾ ਸਕਦਾ ਹੈ ਤੇ ਉਹ ਇਨਕਾਰ ਨਹੀਂ ਕਰ ਸਕਦੇ।

ਪੰਜਾਬ ਵਿੱਚ ਪਿਛਲੇ ਦਿਨੀਂ ਹੋਈਆਂ ਜ਼ਿਲਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਡਿਊਟੀ ਤੋਂ ਬਚਣ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੀ ਸ਼ਰਨ ਪਹੁੰਚੇ ਟੀਚਰਸ ਐਸੋਸੀਏਸ਼ਨ ਆਫ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦੇ 58 ਮੈਂਬਰਾਂ ਵੱਲੋਂ ਦਾਇਰ ਕੀਤੀ ਇਕ ਪਟੀਸ਼ਨ ਨੂੰ ਰੱਦ ਕਰਦੇ ਹੋਏ ਜਸਟਿਸ ਸ਼ੇਖਰ ਧਵਨ ਦੀ ਬੈਂਚ ਨੇ ਕਿਹਾ ਹੈ ਕਿ ਟੀਚਰਸ ਵਰਗ ਦੇ ਮੈਂਬਰ ਚੋਣ ਡਿਊਟੀ ਤੋਂ ਬਚਣ ਲਈ ਇਸ ਗੱਲ ਨਹੀਂ ਕਹਿ ਸਕਦੇ ਕਿ ਡਿਪਟੀ ਕਮਿਸ਼ਨਰ ਤੋਂ ਵੱਧ ਬੇਸਿਕ ਤਨਖਾਹ ਹੋਣ ਕਾਰਨ ਡਿਪਟੀ ਕਮਿਸ਼ਨਰ ਉਨ੍ਹਾਂ ਨੂੰ ਚੋਣ ਡਿਊਟੀ 'ਤੇ ਤੈਨਾਤ ਨਹੀਂ ਕਰ ਸਕਦਾ। ਇਸ ਕੇਸ ਵਿੱਚ ਪਟੀਸ਼ਨ ਕਰਤਾਵਾਂ ਨੇ ਬਠਿੰਡਾ ਜ਼ਿਲੇ ਦੇ ਡਿਪਟੀ ਕਮਿਸ਼ਨਰ ਵੱਲੋਂ ਛੇ ਸਤੰਬਰ ਨੂੰ ਜਾਰੀ ਕੀਤੇ ਉਨ੍ਹਾਂ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਇਨ੍ਹਾਂ 58 ਸੀਨੀਅਰ ਟੀਚਰਾਂ ਨੂੰ ਮਤਦਾਨ ਤੇ ਵੋਟਾਂ ਦੀ ਗਿਣਤੀ ਵਿੱਚ ਡਿਊਟੀ ਕਰਨ ਦੇ ਹੁਕਮ ਦਿੱਤੇ ਗਏ ਸਨ। ਚੋਣ ਡਿਊਟੀ ਨੂੰ ਸੰਵਿਧਾਨਕ ਕਰੱਤਵ ਦੱਸਦੇ ਹੋਏ ਜਸਟਿਸ ਧਵਨ ਨੇ ਕਿਹਾ ਕਿ ਅਜਿਹੇ ਕੇਸਾਂ ਵਿੱਚ ਬੇਸਿਕ ਤਨਖਾਹ ਦਾ ਵੱਧ ਜਾਂ ਘੱਟ ਹੋਣਾ ਕੋਈ ਅਰਥ ਨਹੀਂ ਰੱਖਦਾ, ਚੋਣਾਂ ਦੌਰਾਨ ਡਿਪਟੀ ਕਮਿਸ਼ਨਰ ਸਿਰਫ ਜ਼ਿਲਾ ਚੋਣ ਅਧਿਕਾਰੀ ਦੇ ਤੌਰ 'ਤੇ ਆਪਣੇ ਕਰੱਤਵਾਂ ਦਾ ਪਾਲਣ ਕਰਦੇ ਹਨ ਅਤੇ ਸੰਵਿਧਾਨਕ ਕਰੱਤਵਾਂ ਨੂੰ ਨਿਭਾਉਣ ਲਈ ਇਸ ਕੰਮ ਦੇ ਭਾਰੀ ਮਾਤਰਾ ਅਤੇ ਸਾਧਨਾਂ ਦੇ ਦੇਖਦੇ ਹੋਏ ਉਨ੍ਹਾਂ ਨੂੰ ਚੋਣ ਪ੍ਰਕਿਰਿਆ ਨੂੰ ਆਯੋਜਿਤ ਕਰਨਾ ਹੁੰਦਾ ਹੈ।




## ਲੜਕੀ ਦੀ ਲੋੜ

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

Jhajj ਜੱਟ ਸਿੱਖ,ਉਮਰ 33 ਸਾਲ, ਕੱਦ 6 ਫੁੱਟ, Post Graduate ਲੜਕੇ ਲਈ PR ਲੜਕੀ ਦੀ ਲੋੜ। visitor visa ਹੋਲਡਰ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ visitor visa 'ਤੇ ਹੈ। ਲੜਕੇ ਕੋਲ **A/Z** ਲੇਸੰਸ ਹੈ, ਪੂਰੀ ਪਰਿਵਾਰ ਕੈਨੇਡਾ ਵਿੱਚ ਵੈਲ ਸੈਟਲਡ ਹੈ। ਸੰਪਰਕ ਕਰੋ - 647-408-3814

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1'', ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਗਹੋਟਰਾ, ਕੈਨੇਡੀਅਨ ਸਿਟੀਜ਼ਨ, ਚੰਡੀਗੜ੍ਹ ਬੋਰਨ, ਉਮਰ 33 ਸਾਲ, ਕੱਦ 5'11" ਲਈ ਕੈਨੇਡੀਅਨ ਜਾਂ ਅਮੇਰਿਕਨ ਲੜਕੀ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-212-4856, 587-930-1345

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੋਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector; ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:- 905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਹੇਠ ਲਿਖੇ ਨੂੰ ਤੇ
ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਜਨਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਹੋਰ ਜਾਣਕਾਰੀ 516-620-0565 ਤੇ ਫੋਨ ਕਰੋ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

IN HOME CAREGIVER
Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.
Please send resume at:
mandeep.karwal@gmail.com
or Drop a Call: 647-649-8100

Domestic Help Required
Looking for domestic help which includes meal preparation, house cleaning and other supportive duties for two senior citizens.
• Work is 3 days per week.
• Wage will be $15.00 / hour.
• Punjabi/Hindi and English Preffered
• Must have a car to drive to work.
This care is for my inlaws in Carlisle Ontario (west of Milton).
Please call Tripat Bratch, 905-689-0164."

ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ
Chronic diseases of Men, Women and Children
Home Visit G Singh;
Ph: 416.931.0028
Dr. Edward Bach Flower Remedies

INNOVATION TRANSPORTATION
NEEDED A/Z CITY DRIVER
ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ
○ 7 Days Work ○ All Shifts Available
* A/Z Driver Needed
* City Drivers Also Needed
* Good Pay/Mileage
* Day & Afternoon Shift & Weekend
* Weekly Pay
NOW HIRING $22 /Hour
Call : 416- 268-9952
70 Delta Park Blvd, Unit # 4, Brampton

A/Z ਡਰਾਈਵਰ ਤੇ ਡਿਸਪੈਚਰ ਦੀ ਲੋੜ
IFS ਨੂੰ USA, Montreal, Montreal Local ਅਤੇ Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ
• 2 ਸਾਲ ਦਾ Experience, USA ਵਾਸਤੇ ਫਾਸਟ ਕਾਰਡ (Fast Card) ਜ਼ਰੂਰੀ ਹੈ
• ਡਰਾਇਵਰਾਂ ਦਾ CVOR Abstract ਚਾਹੀਦਾ ਹੈ
• Experienced ਡਿਸਪੈਚਰਾਂ ਦੀ ਵੀ ਲੋੜ ਹੈ
E-Mail Resume to careers@interstatefreightsystem.com
ਜਾਂ ਕਾਲ ਕਰੋ 416-452-0677, 647-448-3500
( Monday to Friday from 10am to 5pm)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਖੇਤਾਂ ਵਾਲਾ ਜੱਟ ਹੋਰ ਤੇ ਗਾਇਕਾਂ ਵਾਲਾ ਹੋਰ ਏ..

-ਰਾਮਦਾਸ ਬੰਗੜ-



ਸਾਡੇ ਗਾਇਕ ਨੌਜਵਾਨ ਪੀੜ੍ਹੀ ਲਈ ਸਹੀ ਰੋਲ ਮਾਡਲ ਬਣਨ ਵਿੱਚ ਨਾਲਾਇਕ ਸਾਬਤ ਹੋ ਰਹੇ ਹਨ। ਇਹ ਜਿਥੇ ਕਿਸਾਨ ਨੂੰ ਬਦਮਾਸ਼ ਸਾਬਤ ਕਰਨ ਲਈ ਝੂਠ ਗਾਉਣ ਵਿੱਚ ਮਸਰੂਫ ਹਨ, ਉਥੇ ਰੰਗਾਂ ਵਿੱਚ ਵੱਸਣ ਵਾਲੇ ਪੰਜਾਬ ਵਿੱਚ ਹੁਣ ਖੁਦਕੁਸ਼ੀਆਂ ਕਾਰਨ ਬਲਦੇ ਸਿਵਿਆਂ ਤੋਂ ਲਗਾਤਾਰ ਰਾਖ ਉਡਦੀ ਨਜ਼ਰ ਆਉਂਦੀ ਹੈ। ਗਾਇਕ ਗਾਉਂਦੇ ਨੇ ਕਿ ਜੱਟਾਂ ਵਰਗਾ ਬੇਫਿਕਰ, ਬੇਡਰ, ਅਮੀਰਜ਼ਾਦਾ, ਹੁੱਲੜਬਾਜ਼ ਤੇ ਆਸ਼ਕ ਕੋਈ ਨਹੀਂ, ਜਦੋਂ ਕਿ ਇਨ੍ਹਾਂ ਅੰਨਦਾਤਿਆਂ ਦੇ ਵਿਹੜਿਆਂ ਵਿੱਚ ਮਾਵਾਂ ਕਰਜ਼ੇ ਦੀਆਂ ਪੰਡਾਂ ਹੇਠਾਂ ਆ ਕੇ ਦਰੱਖਤਾਂ ਨਾਲ ਲਟਕਦੇ ਘਰ ਦੇ ਮੁਖੀਆਂ ਦੇ ਸੋਗ ਵਿੱਚ ਕੀਰਨੇ ਪਾ ਰਹੀਆਂ ਹਨ। ਇਨ੍ਹਾਂ ਗਾਇਕਾਂ ਦੀ ਨਜ਼ਰ ਵਿੱਚ ਕਿਸਾਨ ਦੇ ਘਰ ਵਿੱਚ ਕਾਰਾਂ ਘੁੰਮਣ ਘੁੰਮਾਉਣ ਨੂੰ ਰੱਖੀਆਂ ਗਈਆਂ ਹਨ ਤੇ ਬੁਲੇਟ ਮੋਟਰ ਸਾਈਕਲ ਪਟਾਕੇ ਪਾਉਣ ਲਈ। ਜ਼ਮੀਨੀ ਹਕੀਕਤ ਇਹ ਹੈ ਕਿ ਇਨ੍ਹਾਂ ਗਾਇਕਾਂ ਦੇ ਸਿਖਾਏ ਸਾਡੇ ਮੁੰਡੇ ਬਜ਼ੁਰਗਾਂ ਦੇ ਗਲ ਅੰਗੂਠਾ ਦੇ ਕੇ ਮਹਿੰਗੀਆਂ ਗੱਡੀਆਂ, ਮੋਟਰ ਸਾਈਕਲ ਤੇ ਮੋਬਾਈਲ ਫੋਨ ਮੰਗ ਰਹੇ ਹਨ ਤੇ ਅੱਗੋਂ ਬੇਵੱਸ ਹੋਏ ਬਜ਼ੁਰਗ ਆਪਣਾ ਅੰਗੂਠਾ ਸ਼ਾਹੂਕਾਰਾਂ ਦੀਆਂ ਬਹੀਆਂ ਉੱਤੇ ਲਾ ਕੇ ਆਪਣੇ ਸਿਰ ਕਰਜ਼ੇ ਦੀ ਪੰਡ ਨੂੰ ਹੋਰ ਭਾਰੀ ਕਰਦੇ ਹਨ।

ਅੱਜ ਇਹ ਦਿਨ ਆ ਗਿਆ ਕਿ ਇਕੋ ਸਮੇਂ ਸੰਗੀਤਕ ਚੈਨਲ ਉੱਤੇ ਗੀਤ ਚੱਲ ਰਿਹੈ 'ਪਹਿਲਾਂ ਵਾਲੇ ਬਿੱਲੋ ਹੁਣ ਜੱਟ ਨ੍ਹੀਂ ਰਹੇ, ਸ਼ਾਮੀ ਬਹਿੰਦੇ ਨੇ ਕਲੱਬਾਂ ਵਿੱਚ ਜਾ ਕੇ', ਉਧਰ ਉਸੇ ਸਮੇਂ ਨਿਊਜ਼ ਚੈਨਲ ਉੱਤੇ ਖਬਰ ਚੱਲਦੀ ਹੈ ਕਿ 'ਕਰਜ਼ੇ ਦੇ ਭਾਰ ਹੇਠ ਦੱਬੇ ਤਿੰਨ ਹੋਰ ਕਿਸਾਨਾਂ ਵੱਲੋਂ ਖੁਦਕੁਸ਼ੀ।' 'ਪੁੱਛ ਕੇ ਵੇਖ ਕਿੱਲੇ ਦਾ ਰੇਟ, ਨੀਂ ਤੂੰ ਤਾਂ ਭੱਜੀ ਆਵੇਂਗੀ' ਦੇ ਨਾਲ ਖਬਰਾਂ ਵਾਲੇ ਚੈਨਲ ਉੱਤੇ ਖਬਰ ਚੱਲ ਰਹੀ ਸੀ ਕਿ 'ਭੂਮੀ ਪ੍ਰਾਪਤੀ ਬਿਲ ਦੇ ਵਿਰੋਧ ਵਿੱਚ ਕਿਸਾਨਾਂ ਵੱਲੋਂ ਦਿੱਲੀ ਵਿੱਚ ਰੋਸ ਧਰਨਾ'। ਚੈਨਲਾਂ ਉੱਤੇ ਹਿੰਸਕ, ਲੱਚਰ, ਅਸ਼ਲੀਲ ਗਾਇਕੀ ਦਾ ਪਸਾਰ ਕਰਨ ਵਾਲੇ ਗਾਇਕ ਕਿਸਾਨਾਂ ਦੀ ਇਸ ਦੁਰਦਸ਼ਾ ਤੋਂ ਅਣਜਾਣ ਹਨ ਕਿ ਪਹੁ ਫੁਟਾਲੇ ਨਾਲ 20 ਰੁਪਏ ਦੀ 20 ਕਿਲੋ ਗੋਭੀ ਸਬਜ਼ੀ ਮੰਡੀ ਵਿੱਚ ਵੇਚ ਕੇ ਪਸਤ ਹੌਸਲੇ ਨਾਲ ਕਿਸਾਨ ਆਪਣੇ ਸਿਰ ਵਧਦੇ ਕਰਜ਼ੇ ਦੀ ਗਿਣਤੀ ਮਿਣਤੀ ਕਿਵੇਂ ਕਰਦਾ ਹੈ। ਗਾਇਕ ਅੱਜ ਵੀ ਮਸਤ ਹੋ ਕੇ ਗਾ ਰਹੇ ਹਨ:

ਹੁੰਦੇ ਨੇ ਜੁਗਾੜੀ ਬੜੇ ਜੱਟ ਕੁੜੀਏ
ਲੈਂਦੇ ਨੇ ਜੁਗਾੜ ਲਾ ਕੇ ਪੱਟ ਕੁੜੀਏ

ਗਾਇਕਾਂ ਵੱਲੋਂ ਅਜਿਹੇ ਗੀਤਾਂ ਨੂੰ ਬੇਫਿਕਰੀ ਨਾਲ ਗਾਉਂਦੇ ਜਾਣਾ ਤੇ ਸਾਡੇ ਘਰਾਂ ਦੇ ਮੁਖੀਆਂ ਦਾ ਦਰੱਖਤਾਂ ਉੱਤੇ ਲਟਕ-ਲਟਕ ਮਰਦੇ ਜਾਣਾ ਸਾਡੀਆਂ ਮਾਵਾਂ ਲਈ ਘੋਰ ਚਿੰਤਾ ਦਾ ਵਿਸ਼ਾ ਹੈ। ਜੇ ਅਸੀਂ ਆਪਣੇ ਬਜ਼ੁਰਗਾਂ ਨੂੰ ਖੁਦਕੁਸ਼ੀਆਂ ਦੇ ਰਾਹਾਂ ਤੋਂ ਜਾਣ ਤੋਂ ਰੋਕਣਾ ਹੈ ਤਾਂ ਨੌਜਵਾਨਾਂ ਨੂੰ ਸਮਝਣਾ ਪਵੇਗਾ ਕਿ ਜੋ ਗੀਤਾਂ ਰਾਹੀਂ ਗਾਇਕ ਸਾਨੂੰ ਸਿਖਾ ਤੇ ਦਿਖਾ ਰਹੇ ਹਨ, ਉਹ ਜ਼ਮੀਨੀ ਹਕੀਕਤ ਨਹੀਂ। ਜ਼ਮੀਨੀ ਹਕੀਕਤਾਂ ਨੂੰ ਪਛਾਣ ਕੇ ਨੌਜਵਾਨ ਇਕਜੁੱਟਤਾ ਨਾਲ ਗਾਇਕੀ ਵਿੱਚ ਆਏ ਨਿਘਾਰ ਵਿਰੁੱਧ ਆਵਾਜ਼ ਬੁਲੰਦ ਕਰਨ ਤਾਂ ਜੋ ਖੇਤਾਂ ਵਿੱਚ ਖੂਨ ਪਸੀਨੇ ਦੀ ਕਮਾਈ ਕਰਨ ਵਾਲੇ ਸਾਡੇ ਬਜ਼ੁਰਗਾਂ ਨੂੰ ਵਾਰ-ਵਾਰ ਬਹੀਆਂ ਉੱਤੇ ਅੰਗੂਠੇ ਨਾ ਲਾਉਣੇ ਪੈਣ। ਕੁਝ ਗਾਇਕ ਉਪਰੋਕਤ ਗੀਤਾਂ ਦਾ ਵਿਰੋਧ ਕਰਦੇ ਹੋਏ ਕਿਸਾਨਾਂ ਦੀ ਸਹੀ ਹਾਲਤ ਨੂੰ ਬਿਆਨ ਕਰਦੇ ਗੀਤ ਗਾ ਰਹੇ ਹਨ, ਪ੍ਰੰਤੂ ਉਨ੍ਹਾਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ;

*ਜਿੰਨੀਆਂ ਨਾਲ ਮੇਰੇ ਸਭ ਪੜ੍ਹਦੀਆਂ,
ਸਭ ਰੌਲਾ ਪੈਣ ਤੋਂ ਡਰਦੀਆਂ,
ਉਂਜ ਅੱਖ ਮਟੱਕੇ ਕਰਦੀਆਂ ਨੇ ਚੋਰੀ ਚੋਰੀ।

*ਅੱਠਵੀਂ ਵਿੱਚ ਪਾ ਲਿਆ ਪਿਆਰ ਸੀ,
ਕੁੜੀ ਬੀ ਏ ਵਿੱਚ ਆ ਕੇ ਤੋੜ ਗਈ

ਅਜਿਹੇ ਅਨੇਕਾਂ ਗੀਤ ਹਨ, ਜੋ ਪੜ੍ਹਾਈ ਦੇ ਨਾਲ-ਨਾਲ ਲੜਕੀਆਂ ਬਦਨਾਮ ਕਰਦੇ ਟੀ ਟੀ ਵੀ ਚੈਨਲਾਂ ਉੱਤੇ ਵੇਖੇ ਜਾ ਸਕਦੇ ਹਨ। ਅਜਿਹੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਸ਼ਰਮ ਚਾਹੀਦੀ ਹੈ ਕਿਉਂਕਿ ਸਕੂਲ ਕਾਲਜਾਂ ਦੇ ਵਿਦਿਅਕ ਨਤੀਜਿਆਂ ਬਾਰੇ ਟੀ ਵੀ ਚੈਨਲ ਅਤੇ ਅਖਬਾਰਾਂ ਦੀਆਂ ਸੁਰਖੀਆਂ ਇਹ ਦੱਸਦੀਆਂ ਹਨ ਕਿ 'ਇਸ ਵਾਰ ਵੀ ਪਹਿਲੀਆਂ ਪੁਜੀਸ਼ਨਾਂ ਉੱਤੇ ਲੜਕੀਆਂ ਦਾ ਕਬਜ਼ਾ ਰਿਹਾ।' ਅਜਿਹੇ ਗੀਤ ਗਾ ਕੇ ਗਾਇਕ ਲੜਕੀਆਂ ਨੂੰ ਵਿਦਿਆ ਦੇ ਖੇਤਰ ਵਿੱਚ ਅੱਗੇ ਵਧਾਉਣ ਵਾਲੀ ਬੇੜੀ ਵਿੱਚ ਵੱਟੇ ਪਾਉਣ ਦਾ ਕੰਮ ਕਰਦੇ ਹਨ। ਦੂਜੇ ਪਾਸੇ ਨਸ਼ਿਆਂ ਤੋਂ ਪੀੜਤ ਪੰਜਾਬ ਦੀਆਂ ਔਰਤਾਂ ਜਿਥੇ ਪਿੰਡਾਂ ਵਿੱਚੋਂ ਸ਼ਰਾਬ ਦੇ ਠੇਕਿਆਂ ਨੂੰ ਚੁਕਵਾਉਣ ਲਈ ਰੋਸ ਮੁਜ਼ਾਹਰੇ ਕਰ ਰਹੀਆਂ ਹਨ ਅਤੇ ਕਈ ਥਾਵਾਂ ਉੱਤੇ ਤਾਂ ਔਰਤਾਂ ਵੱਲੋਂ ਠੇਕਿਆਂ ਦੀ ਭੰਨਤੋੜ ਵੀ ਕੀਤੀ ਗਈ ਹੈ, ਪਰ ਇਥੇ ਗੀਤ ਸੁਣਨ ਨੂੰ ਮਿਲ ਰਹੇ ਹਨ।

ਤੇਰੇ ਗੇਟ ਵਿੱਚ ਜੱਟੀ ਨੇ
ਪੈਗ ਲਾ ਕੇ ਭੰਗੜਾ ਪਾਉਣਾ

ਇਕ ਗਾਇਕ ਪੰਜਾਬ ਦੇ ਕਿਸਾਨਾਂ ਦੀ ਦਰਦ ਭਰੀ ਦਾਸਤਾਂ ਨੂੰ ਬਿਆਨ ਕਰਦਾ ਹੋਇਆ ਭੱਦੀ ਗਾਇਕੀ ਨੂੰ ਚਪੇੜ ਮਾਰਦਾ ਹੋਇਆ ਗੀਤ ਨੂੰ ਬਿਲਕੁਲ ਸੱਚ ਗਾਉਂਦਾ ਹੈ, ਜਿਸ ਦੇ ਬੋਲ ਹਨ:

ਸਾਨੂੰ ਦੱਸਿਓ ਜ਼ਰਾ ਕੁ ਗਾਉਣ ਵਾਲਿਓ
ਉਹ ਜੱਟ ਕਿਹੜੇ ਪਿੰਡ ਰਹਿੰਦਾ ਏ

ਇਸ ਤਰ੍ਹਾਂ ਜ਼ਮੀਨੀ ਹਕੀਕਤਾਂ ਤੋਂ ਦੂਰ ਹੋਈ ਪੰਜਾਬੀ ਗਾਇਕੀ ਤੋਂ ਸਾਡੇ ਨੌਜਵਾਨ ਖੁਦ ਸੁਚੇਤ ਹੋਣ ਅਤੇ ਇਸ ਦਾ ਵਿਰੋਧ ਕਰਨ ਲਈ ਅੱਗੇ ਆਉਣ।

# ਬੱਚੇ ਦੇ ਰੋਣ ਦਾ ਰਾਜ਼

-ਮਾਸਟਰ ਰਾਮਦਾਸ ਨਸਰਾਲੀ

ਮੇਰਾ ਜਨਮ ਇਕ ਮਿਹਨਤੀ ਕਿਰਤੀ ਪਰਿਵਾਰ ਵਿੱਚ ਹੋਇਆ ਸੀ। ਮਾਤਾ ਪਿਤਾ ਕੋਰੇ ਅਨਪੜ੍ਹ ਹੋਣ ਦੇ ਬਾਵਜੂਦ ਵਿਗਿਆਨਕ ਸੋਚ ਦੇ ਧਾਰਨੀ ਹਨ। ਉਨ੍ਹਾਂ ਦਾ ਅਖੌਤੀ ਸਾਧਾਂ ਸੰਤਾਂ, ਸਿਆਣਿਆਂ, ਤਾਂਤਰਿਕਾਂ ਤੇ ਚੇਲਿਆਂ ਚਾਟੜਿਆਂ ਵਿੱਚ ਉਕਾ ਵਿਸ਼ਵਾਸ ਨਹੀਂ ਹੈ। ਮਾਪਿਆਂ ਦੀ ਇਹ ਸੋਚ ਹੋਣ ਕਾਰਨ ਮੈਂ ਤੇ ਮੇਰੇ ਦੋਵੇਂ ਛੋਟੇ ਭਰਾ ਵੀ ਵਿਗਿਆਨਕ ਸੋਚ ਦੇ ਧਾਰਨੀ ਹਾਂ। ਉਹ ਵੀ ਮੇਰੇ ਵਾਂਗ ਵਹਿਮਾਂ ਭਰਮਾਂ, ਅੰਧ ਵਿਸ਼ਵਾਸ, ਜਾਦੂ ਟੂਣਿਆਂ, ਕਰਮ ਕਾਂਡਾਂ ਵਿੱਚ ਭੋਰਾ ਵਿਸ਼ਵਾਸ ਨਹੀਂ ਕਰਦੇ। ਮੇਰੇ ਮਾਤਾ ਪਿਤਾ ਨੇ ਹੱਡ ਭੰਨਵੀਂ ਮਿਹਨਤ ਕਰਕੇ ਤੇ ਆਪ ਤੰਗੀਆਂ ਤੁਰਸ਼ੀਆਂ ਕੱਟ ਕੇ ਸਾਨੂੰ ਸਾਰੇ ਭਰਾਵਾਂ ਨੂੰ ਵੱਧ ਤੋਂ ਵੱਧ ਪੜ੍ਹਨ ਦੇ ਮੌਕੇ ਪ੍ਰਦਾਨ ਕੀਤੇ ਹਨ। ਇਹ ਗੱਲ ਵੱਖਰੀ ਹੈ ਕਿ ਮੇਰੇ ਛੋਟੇ ਭਰਾ ਇਸ ਦਾ ਪੂਰਾ ਲਾਭ ਨਹੀਂ ਉਠਾ ਸਕੇ ਤੇ ਜ਼ਿਆਦਾ ਪੜ੍ਹ ਲਿਖ ਨਹੀਂ ਸਕੇ, ਪਰ ਮਾਪਿਆਂ ਵੱਲੋਂ ਮਿਹਨਤ ਕਰਨ ਦੇ ਮਿਲੇ ਸਬਕ 'ਤੇ ਅਮਲ ਕਰਦਿਆਂ ਉਹ ਬਿਨਾਂ ਠੱਗੀ ਠੋਰੀ ਕੀਤਿਆਂ ਆਪਣੀ ਮਿਹਨਤ ਦੀ ਕਮਾਈ ਨਾਲ ਪਰਵਾਰਕ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ।

ਗੱਲ 16 ਨਵੰਬਰ 2001 ਦੀ ਹੈ। ਮੇਰੇ ਛੋਟੇ ਭਰਾ ਦੀ ਪਤਨੀ ਨੇ ਪੇਕੇ ਘਰ ਮੁੰਡੇ ਨੂੰ ਜਨਮ ਦਿੱਤਾ। ਇਹ ਖਬਰ ਮਿਲਣ ਸਾਰ ਖੁਸ਼ੀ ਵਿੱਚ ਆਂਢ ਗੁਆਂਢ ਲੱਡੂ ਵੰਡੇ ਗਏ। ਵਧਾਈਆਂ ਦੇਣ ਵਾਲਿਆਂ ਦਾ ਘਰ ਵਿੱਚ ਤਾਂਤਾ ਲੱਗ ਗਿਆ। ਮੈਂ, ਮੇਰੇ ਮਾਤਾ ਪਿਤਾ ਸਮੇਤ ਮੇਰੀ ਪਤਨੀ ਮੁੰਡੇ ਨੂੰ ਦੇਖਣ ਗਏ। ਜ਼ਿਆਦਾ ਖੁਸ਼ੀ ਦੀ ਗੱਲ ਇਹ ਸੀ ਕਿ ਬੱਚੇ ਦਾ ਜਨਮ ਘਰ ਵਿੱਚ ਹੀ ਹੋ ਗਿਆ ਸੀ, ਹਸਪਤਾਲ ਲਿਜਾਣ ਦੀ ਲੋੜ ਨਹੀਂ ਸੀ ਪਈ। ਜੱਚਾ ਤੇ ਬੱਚਾ ਦੋਵੇਂ ਬਿਲਕੁਲ ਠੀਕ ਠਾਕ ਸਨ। ਬੱਚੇ ਦੇ ਜਨਮ ਤੋਂ ਤਿੰਨ ਦਿਨ ਬਾਅਦ ਸਵੇਰੇ ਸਾਝਰੇ ਮੇਰੇ ਛੋਟੇ ਭਰਾ ਦੀ ਸੱਸ ਨੇ ਫੋਨ ਕਰਕੇ ਦੱਸਿਆ, 'ਮੁੰਡਾ ਸਾਰੀ ਰਾਤ ਰੋਣ ਤੋਂ ਨਹੀਂ ਹਟਿਆ, ਪਤਾ ਨਹੀਂ ਉਸ ਨੂੰ ਕੀ ਤਕਲੀਫ ਆ?' ਉਸ ਨੇ ਝਕਦਿਆਂ ਇਹ ਵੀ ਕਿਹਾ, 'ਜੇ ਤੁਸੀਂ ਬੁਰਾ ਨਾ ਮੰਨੋ ਤਾਂ ਫਲਾਣੇ ਡੇਰੇ ਵਾਲੇ ਬਾਬੇ ਤੋਂ ਮੁੰਡੇ ਦਾ ਹਥੌਲਾ ਕਰਵਾ ਲਿਆਈਏ। ਖਬਰੇ ਕੋਈ ਓਪਰੀ ਕਸਰ ਹੀ ਨਾ ਹੋਈ ਹੋਵੇ।'

ਦਰਅਸਲ ਮੇਰੇ ਉਸ ਛੋਟੇ ਭਰਾ ਦਾ ਸਹੁਰਾ ਪਰਵਾਰ ਅਹਿਮਦਗੜ੍ਹ ਵੱਲ ਕਿਸੇ ਪਿੰਡ ਦੇ ਡੇਰੇ ਵਾਲੇ ਬਾਬੇ ਦਾ ਸ਼ਰਧਾਲੂ ਸੀ। ਇਹ ਗੱਲ ਮੈਨੂੰ ਉਸੇ ਨੇ ਦੱਸੀ ਸੀ। ਆਪਣੇ ਛੋਟੇ ਭਰਾ ਰਾਹੀਂ ਮੈਂ ਉਸ ਦੀ ਘਰ ਵਾਲੀ ਨੂੰ ਕਿਸੇ ਵੀ ਅਖੌਤੀ ਸਾਧ ਦੇ ਡੇਰੇ ਨਾ ਜਾਣ ਦੀ ਹਦਾਇਤ ਕਰਵਾ ਦਿੱਤੀ ਸੀ। ਇਸੇ ਕਰਕੇ ਭਰਾ ਦੀ ਸੱਸ ਨੇ ਡੇਰੇ ਵਾਲੇ ਉਸ ਬਾਬੇ ਤੋਂ ਮੁੰਡੇ ਦਾ ਹਥੌਲਾ ਕਰਵਾ ਕੇ ਲਿਆਉਣ ਦੀ ਮੇਰੇ ਮਾਤਾ ਜੀ ਸਹਿਮਤੀ ਮੰਗੀ ਸੀ। ਜਦੋਂ ਮੇਰੀ ਮਾਤਾ ਨੇ ਮੈਨੂੰ ਇਹ ਗੱਲ ਦੱਸੀ ਤਾਂ ਮੈਂ ਤੁਰੰਤ ਫੋਨ ਕਰਕੇ ਭਰਾ ਦੇ ਸਹੁਰੇ ਨੂੰ ਕਿਹਾ, 'ਤੁਸੀਂ ਮੁੰਡੇ ਨੂੰ ਲੈ ਕੇ ਖੰਨੇ ਵਿਚਕਾਰਲੇ ਅੱਡੇ ਪਹੁੰਚੋ, ਇਧਰੋਂ ਮੈਂ ਤੇ ਮਾਤਾ ਜੀ ਤੁਹਾਨੂੰ ਉਥੇ ਮਿਲਾਂਗੇ। ਮੁੰਡੇ ਨੂੰ ਬੱਚਿਆਂ ਦੇ ਮਾਹਰ ਡਾਕਟਰ ਨੂੰ ਦਿਖਾਉਨੇ ਆਂ..।' ਡੇਢ ਕੁ ਘੰਟੇ ਬਾਅਦ ਮੇਰੇ ਭਰਾ ਦੇ ਸੱਸ ਸਹੁਰਾ ਸਕੂਟਰ 'ਤੇ ਮੁੰਡੇ ਨੂੰ ਲੈ ਕੇ ਖੰਨੇ ਵਿਚਕਾਰਲੇ ਅੱਡੇ ਪਹੁੰਚ ਗਏ, ਜਿਥੇ ਪਹਿਲਾਂ ਹੀ ਖੜੇ ਅਸੀਂ ਮਾਂ ਪੁੱਤ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਮੁੰਡਾ ਹੁਣ ਵੀ ਲਗਾਤਾਰ ਰੋਈ ਜਾ ਰਿਹਾ ਸੀ।

ਮੇਰੇ ਮਾਤਾ ਜੀ ਨੇ ਗੋਦੀ ਵਿੱਚ ਲੈ ਕੇ ਮੁੰਡੇ ਦੇ ਢਿੱਡ ਤੇ ਪਿੱਠ 'ਤੇ ਹੱਥ ਫੇਰਿਆ, ਪਰ ਉਹ ਰੋਣੋਂ ਹੀ ਨਾ ਹਟੇ। ਖੰਨੇ ਵਿਚਕਾਰਲੇ ਅੱਡੇ ਨੇੜੇ ਬੱਚਿਆਂ ਦੇ ਮਾਹਰ ਡਾਕਟਰ ਪੀ ਡੀ ਸਿੰਗਲਾ ਦੇ ਘਰ ਬਣੇ ਕਲੀਨਿਕ ਵਿੱਚ ਮੁੰਡੇ ਦਾ ਚੈਕਅਪ ਕਰਵਾਇਆ। ਮੁੰਡੇ ਦਾ ਪਿਲੱਤਣ ਭਰਿਆ ਚਿਹਰਾ ਦੇਖ ਕੇ ਡਾਕਟਰ ਨੇ ਹੈਰਾਨੀ ਨਾਲ ਕਿਹਾ, 'ਬੱਚੇ ਨੂੰ ਧੁੱਪੇ ਲੈ ਕੇ ਬੈਠੇ ਹੋ?' ਇਸ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਬੱਚੇ ਨੂੰ ਜਨਮ ਤੋਂ ਬਾਅਦ ਕਦੇ ਦੇਹਲੀਓਂ ਬਾਹਰ ਹੀ ਨਹੀਂ ਕੱਢਿਆ ਸੀ। ਬੱਚੇ ਦਾ ਹੋਰ ਚੈਕਅਪ ਕਰਦਿਆਂ ਡਾਕਟਰ ਨੇ ਸਾਨੂੰ ਬੱਚੇ ਦੇ ਦੋਵੇਂ ਕੰਨਾਂ ਪਿੱਛੇ ਅਤੇ ਕੂਲੇ ਉਤੇ ਚੀਗਾਂ ਪੈਣ ਕਾਰਨ ਹੋਏ ਜ਼ਖਮ ਦਿਖਾਏ। ਡਾਕਟਰ ਨੇ ਦੱਸਿਆ ਕਿ ਇਨ੍ਹਾਂ ਜ਼ਖਮਾਂ ਦੀ ਤਕਲੀਫ ਕਾਰਨ ਹੀ ਬੱਚਾ ਲਗਾਤਾਰ ਰੋ ਰਿਹਾ ਹੈ। ਬੱਚੇ ਨੂੰ ਹੋਰ ਕੋਈ ਤਕਲੀਫ ਨਹੀਂ। ਬੱਚੇ ਦੇ ਪੀਣ ਤੇ ਜ਼ਖਮਾਂ 'ਤੇ ਲਾਉਣ ਵਾਲੀ ਦਵਾਈ ਦਿੰਦਿਆਂ ਡਾਕਟਰ ਨੇ ਪੀਲੀਏ ਤੋਂ ਬਚਾਉਣ ਲਈ ਹਰ ਰੋਜ਼ ਅੱਧਾ ਘੰਟਾ ਬੱਚੇ ਨੂੰ ਲੈ ਕੇ ਧੁੱਪੇ ਬੈਠਣ ਦੀ ਵੀ ਹਦਾਇਤ ਕੀਤੀ।

ਬੱਚੇ ਨੂੰ ਦਵਾਈ ਦਿਵਾਉਣ ਪਿੱਛੋਂ ਅਸੀਂ ਆਪੋ ਆਪਣੇ ਘਰਾਂ ਨੂੰ ਆ ਗਏ। ਸ਼ਾਮ ਨੂੰ ਜਦੋਂ ਮੈਂ ਫੋਨ ਕਰ ਕੇ ਬੱਚੇ ਦੀ ਖਬਰ ਪੁੱਛੀ ਤਾਂ ਭਰਾ ਦੇ ਸਹੁਰੇ ਨੇ ਦੱਸਿਆ, 'ਡਾਕਟਰ ਵੱਲੋਂ ਦਿੱਤੀ ਦਵਾਈ ਪਿਲਾਉਣ ਤੇ ਜ਼ਖਮਾਂ 'ਤੇ ਲਾਉਣ ਤੋਂ ਬਾਅਦ ਮੁੰਡਾ ਆਰਾਮ ਨਾਲ ਸੁੱਤਾ ਪਿਐ, ਹੁਣ ਉਹ ਬਿਲਕੁਲ ਨਹੀਂ ਰੋਇਆ। ਸ਼ੁਕਰ ਆ ਪਰਮਾਤਮਾ ਦਾ, ਅਸੀਂ ਹਥੌਲਿਆਂ ਦੇ ਚੱਕਰ 'ਚ ਨਹੀਂ ਪਏ।' ਭਰਾ ਦੇ ਸਹੁਰੇ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਮਨ ਨੂੰ ਬੜੀ ਤਸੱਲੀ ਹੋਈ ਕਿ ਸਾਡੇ ਪਰਵਾਰ ਦੀ ਵਿਗਿਆਨਕ ਸੋਚ ਹੋਣ ਕਾਰਨ ਉਨ੍ਹਾਂ ਨੂੰ ਜਲਦੀ ਬੱਚੇ ਦੇ ਰੋਣ ਦਾ ਅਸਲ ਰਾਜ਼ ਪਤਾ ਲੱਗ ਗਿਆ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਗਿਆਨ ਦੇ ਇਸ ਯੁੱਗ ਵਿੱਚ ਅੱਜ ਬਹੁ ਗਿਣਤੀ ਪੜ੍ਹੇ ਲਿਖੇ ਲੋਕ ਆਪਣੀਆਂ ਮੁਸ਼ਕਿਲਾਂ, ਸਮੱਸਿਆਵਾਂ, ਘਾਟਾਂ ਤੇ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਅਤੇ ਆਪਣਾ ਅਖੌਤੀ ਅਗਲਾ ਜਨਮ ਸੰਵਾਰਨ ਲਈ ਅਖੌਤੀ ਸਾਧਾਂ ਸੰਤਾਂ, ਬਾਬਿਆਂ, ਜੋਤਸ਼ੀਆਂ, ਡੇਰਾਵਾਦੀਆਂ ਅਤੇ ਧਾਰਮਿਕ ਪ੍ਰਵਚਨ ਕਰਤਾਵਾਂ ਦੇ ਮਗਰ ਲੱਗ ਕੇ ਆਪਣੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਕਰਵਾ ਰਹੇ ਹਨ। ਇਹ ਅਖੌਤੀ ਪਾਖੰਡੀ ਬਾਬੇ ਜਨਤਾ ਨੂੰ ਮਾਇਆ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੰਦੇ ਹਨ, ਪਰ ਆਪ ਜਨਤਾ ਦੀ ਮਿਹਨਤ ਦੀ ਕਮਾਈ 'ਤੇ ਮੌਜਾਂ ਕਰਦੇ ਹਨ। ਅੱਜ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਪਿੰਡ ਹੋਵੇਗਾ, ਜਿਥੇ ਅਖੌਤੀ ਪਖੰਡੀ ਵਿਹਲੜ ਸਾਧਾਂ ਦਾ ਡੇਰਾ ਨਾ ਹੋਵੇ। ਭਾਵੇਂ ਤਰਕਸ਼ੀਲ ਵੀਰ ਲੋਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਹੋਕਾ ਦਿੰਦੇ ਹਨ, ਫਿਰ ਵੀ ਬਹੁ ਗਿਣਤੀ ਭੋਲੇ ਲੋਕ ਅੰਧ ਵਿਸ਼ਵਾਸ ਦੇ ਚੱਕਰ ਵਿੱਚ ਫਸੇ ਹੋਏ ਹਨ। ਅੱਜ ਲੋੜ ਹੈ ਸਾਡੇ ਰਾਜਨੀਤਕ ਲੀਡਰ ਵੋਟਾਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਧਰਮ ਦੇ ਨਾਂ 'ਤੇ ਚੱਲ ਰਹੀਆਂ ਡੇਰਾ ਰੂਪੀ ਦੁਕਾਨਾਂ ਨੂੰ ਬੰਦ ਕਰਵਾਉਣ ਲਈ ਪ੍ਰਸ਼ਾਸਨ ਤੇ ਤਰਕਸ਼ੀਲ ਵੀਰਾਂ ਨੂੰ ਪੂਰਨ ਸਹਿਯੋਗ ਦੇਣ ਤਾਂ ਜੋ ਭੋਲੇ ਭਾਲੇ ਲੋਕਾਂ ਦੀ ਹੁੰਦੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਖਸੁੱਟ ਬੰਦ ਹੋ ਸਕੇ।

## ਹਲਕਾ ਫੁਲਕਾ

ਟੀਚਰ, "ਅੱਜ ਤੂੰ ਸਕੂਲ ਦੇਰ ਨਾਲ ਕਿਉਂ ਪਹੁੰਚਿਆ?"
ਸਟੂਡੈਂਟ, "ਸਾਈਨ ਬੋਰਡ ਦੇ ਕਾਰਨ।"
ਟੀਚਰ, "ਸਾਈਨ ਬੋਰਡ ਦੇ ਕਾਰਨ ਕਿਵੇਂ।"
ਸਟੂਡੈਂਟ, "ਸੜਕ 'ਤੇ ਲੱਗੇ ਸਾਈਨ ਬੋਰਡ 'ਤੇ ਲਿਖਿਆ ਸੀ; ਅੱਗੇ ਸਕੂਲ ਹੈ, ਹੌਲੀ ਚੱਲੋ।"

*********

ਪਤਨੀ, "ਮੈਂ ਕਿਹਾ ਜੀ ਸੁਣਦੇ ਹੋ? ਜੇ ਮੈਂ ਮਰ ਗਈ ਤਾਂ ਤੁਸੀਂ ਕਿੰਨੇ ਦਿਨਾਂ ਬਾਅਦ ਦੂਜਾ ਵਿਆਹ ਕਰਵਾਓਗੇ।"
ਪਤੀ, "ਮਹਿੰਗਾਈ ਦਾ ਜ਼ਮਾਨਾ ਹੈ, ਕੋਸ਼ਿਸ਼ ਤਾਂ ਇਹੋ ਕਰਾਂਗਾ ਕਿ ਸ਼ਰਾਧ ਦੇ ਨਾਲ ਹੀ ਰਿਸੈਪਸ਼ਨ ਐਡਜਸਟ ਹੋ ਜਾਵੇ।"

*********

ਅਧਿਆਪਕ, "ਇੱਕ ਔਰਤ ਇੱਕ ਘੰਟੇ ਵਿੱਚ ਪੰਜਾਹ ਰੋਟੀਆਂ ਬਣਾਉਂਦੀ ਹੈ ਤਾਂ ਤਿੰਨ ਔਰਤਾਂ ਇੱਕ ਘੰਟੇ ਵਿੱਚ ਕਿੰਨੀਆਂ ਰੋਟੀਆਂ ਬਣਾਉਣਗੀਆਂ।"
ਬੱਚਾ, "ਇੱਕ ਵੀ ਨਹੀਂ ਕਿਉਂਕਿ ਤਿੰਨੋਂ ਮਿਲ ਕੇ ਸਿਰਫ ਚੁਗਲੀਆਂ ਕਰਨਗੀਆਂ।"

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਵਾਜਿਬ ਕੀਮਤ ਤੇ ਤਸੱਲੀ ਬਖਸ਼ ਕੰਮ ਦੀ ਗਰੰਟੀ
With Over 15 Years of Experience
ਪੇਂਟ | ਬੈਕਸਪਲੇਸ਼ ਕਿਚਨ | ਬੇਸਮੈਂਟ ਫਿਨਿਸ਼ ਤੇ ਵਾਸ਼ਰੂਮ | ਫਲੋਰ ਟਾਇਲਜ਼
Perfect Renovations
Call Davinder Singh: 416.909.6650

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
— City ਲਈ $20/hour
— USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।
ਜਿਆਦਾ ਜਾਣਕਾਰੀ ਲਈ: 647-632-1742

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0


AZ ਡਰਾਇਵਰਾਂ ਦੀ ਲੋੜ ਹੈ
"New Drivers are welcome"
ਵਧੀਆ ਤਨਖਾਹ
ਆਟੋਪਾਰਟਸ ਲਈ
ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ Toronto to Montreal ਲਈ ਲੋੜ ਹੈ
ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰ ਲਈ ਲੋੜ ਹੈ
416.904.0715 | 647.458.8520

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਗਾਇਬ ਹੋ ਚੁੱਕਾ ਪੇਂਡੂ ਸੱਭਿਆਚਾਰ

-ਮਾਸਟਰ ਰਵਿੰਦਰ ਬਿੱਟੂ

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਦਿਨੋਂ ਦਿਨ ਵੱਧ ਰਹੇ ਸ਼ਹਿਰੀਕਰਨ ਨੇ ਹੁਣ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵਸਦਾ ਸੀ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ ਕਈ ਫਾਇਦਿਆਂ ਦੇ ਨਾਲ-ਨਾਲ ਕਾਫੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ ਮੁਹਬੱਤ ਹੁਣ ਖਤਮ ਹੋਣ ਵੱਲ ਜਾ ਰਹੀ ਹੈ ਜਾਂ ਇਹ ਕਹਿ ਲਓ ਕਿ ਜਾ ਚੁੱਕੀ ਹੈ।



ਕੋਈ ਸਮਾਂ ਸੀ, ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਤੇ ਚਿੱਬੜਾਂ ਦੀ ਖੁਸ਼ਬੂ, ਮਲ੍ਹਿਆਂ ਦੇ ਬੇਰ, ਜੰਡ ਨਾਲ ਲਟਕਦੇ ਖੋਖੇ, ਫੁੱਲਾਂ ਨਾਲ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ।

ਪਿੰਡਾਂ ਦੀ ਆਪਣੀ ਕਹਾਣੀ ਸੀ। ਛੱਪੜ, ਛੱਪੜੀਆਂ, ਖੂਹੀਆਂ ਦਾ ਆਪਣਾ ਮਹੱਤਵ ਸੀ। ਖੂਹੀਆਂ ਉੱਤੇ ਪਾਣੀ ਭਰਦੀਆਂ ਮੁਟਿਆਰਾਂ ਦੇ ਰੁਮਾਂਸ ਦੀਆਂ ਗੱਲਾਂ ਅਸੀਂ ਅੱਜ ਵੀ ਸੁਣਦੇ ਹਾਂ, ਪਰ ਹੁਣ ਨਾ ਕਦੇ ਕੋਈ ਤੁਤੜ, ਏਰਨੇ, ਰੋਹੀ ਦੇ ਕਬੂਤਰਾਂ, ਢਾਬਾਂ, ਛੱਪੜਾਂ, ਤ੍ਰਿਵੈਣੀਆਂ, ਟਿੱਲਿਆਂ, ਬਤਾਰੂਆਂ, ਕੋਹਾਂ ਪਾਂਧੀਆਂ, ਗੱਡੇ ਗੱਡੀਆਂ, ਜਾਤੂ ਜੁਬੜਾਂ, ਜੌੜਿਆਂ, ਸੱਬਰ ਕੱਤਿਆਂ, ਝਾਂਜਰਾਂ, ਪਤੀਲਿਆਂ, ਛੰਨ੍ਹਿਆਂ, ਛੜਿਆਂ ਆਦਿ ਤੋਂ ਜਾਣੀ ਰਿਹਾ ਹੈ ਅਤੇ ਨਾ ਇਨ੍ਹਾਂ ਬਾਰੇ ਜਾਣਨਾ ਚਾਹੁੰਦਾ ਹੈ। ਗੱਡੇ ਜਾਤੂ ਸੱਬਰ ਕੱਤੇ ਹੁਣ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ ਹਨ।

ਪਿੱਪਲਾਂ 'ਤੇ ਪੈਂਦੀਆਂ ਪੀਂਘਾਂ, ਕੁੜੀਆਂ ਦਾ ਸਾਉਣ ਮਹੀਨੇ ਇਕੱਠੀਆਂ ਹੋ ਕੇ ਕਿਕਲੀ ਪਾਉਣਾ, ਪਿੱਪਲਾਂ ਦੀ ਖੜ-ਖੜ, ਕਿੱਕਰਾਂ ਦੇ ਲੌਂਗ, ਵਣਾਂ ਦੀਆਂ ਪੀਲਾਂ, ਤੂਤਾਂ ਦੀ ਛਾਂਹ, ਗੁਵਾਰੇ ਦੀ ਕੰਡ, ਵਿਆਹ ਵੇਲੇ ਜੰਡ ਵੱਢਣ ਦੀਆਂ ਰਸਮਾਂ, ਸ਼ਾਮਲਾਟ ਜਗ੍ਹਾ 'ਤੇ ਗੱਡਿਆਂ ਨੂੰ ਜੋੜ ਕੇ ਬਣਾਈ ਸਟੇਜ 'ਤੇ ਗਾਈਆਂ ਜਾਂਦੀਆਂ ਕਵੀਸ਼ਰੀਆਂ ਬੀਤੇ ਸਮੇਂ ਦੀਆਂ ਯਾਦਾਂ ਬਣ ਗਈਆਂ ਹਨ। ਪਿੰਡਾਂ ਵਿੱਚ ਵਰਤੇ ਜਾਂਦੇ ਮਿਠਾਸ ਭਰੇ ਸ਼ਬਦ ਪਿੰਡਾਂ ਦੇ ਲੋਕਾਂ ਨੂੰ ਕਪਾਹ ਨੂੰ ਪਕਾਹ ਕਹਿਣਾ, ਚਾਕ ਨੂੰ ਕਾਚ ਕਹਿਣਾ, ਚਾਕੂ ਨੂੰ ਕਾਚੂ, ਤੀਵੀ ਨੂੰ ਤੀਮੀ, ਰੋਟੀ ਨੂੰ ਟੁੱਕ, ਸਬਜ਼ੀ ਨੂੰ ਦਾਲ ਅਤੇ ਪਜਾਮੇ ਨੂੰ ਤੰਬੀ ਮਲਵਈ ਹਾਕਾਂ ਅੱਜ ਪੱਛੜੇ ਲੋਕਾਂ ਦੀ ਨਿਸ਼ਾਨੀ ਸਮਝੇ ਜਾਣ ਲੱਗ ਹਨ। ਕੋਈ ਸਮਾਂ ਸੀ ਜਦੋਂ ਲੋਕ ਗੁੜ ਨੂੰ ਗਾਜਰਪਾਕ ਵਾਂਗ ਛਕਦੇ ਸਨ। ਧੂੜ ਮਿੱਟੀ ਦਾ ਕੰਮ ਕਰਨ ਤੋਂ ਬਾਅਦ ਗੁੜ ਅੰਦਰਲੀ ਗਰਦ ਨੂੰ ਬਿਠਾ ਦਿੰਦਾ ਸੀ। ਗੁੜ ਖਾਣ ਮਗਰੋਂ ਪੀਤਾ ਪਾਣੀ ਠੰਢੀ ਤਸੀਰ ਤੇ ਤਾਜ਼ਗੀ ਬਖਸ਼ਦਾ ਸੀ। ਗੁੜ ਦਾ ਸ਼ਰਬਤ, ਸ਼ੱਕਰ, ਜੌਂਆਂ ਦਾ ਸੱਤੂ ਬੜੇ ਸ਼ੌਕ ਨਾਲ ਖਾਂਦੇ ਜਾਂਦੇ ਸਨ। ਗੁੜ ਦੀ ਡਲੀ ਨਾਲ ਬੰਨ੍ਹ ਕੇ ਭੇਜੀ ਖੰਬਣੀ ਸ਼ਗਨਾਂ ਦਾ ਪ੍ਰਤੀਕ ਹੁੰਦੀ ਸੀ। ਹੁਣ ਨਾ ਸਹੁਰੇ ਘਰ ਗਏ ਜਵਾਈ ਦਾ ਮੂੰਹ ਗੁੜ ਨਾਲ ਮਿੱਠਾ ਕਰਵਾਇਆ ਜਾਂਦਾ ਹੈ ਤੇ ਨਾ ਸਹੁਰੇ ਘਰੋਂ ਪੇਕੇ ਜਾਂਦੀ ਨੂੰਹ ਨੂੰ ਗੁੜ ਨਾਲ ਰੋਟੀ ਖਵਾਈ ਜਾਂਦੀ ਹੈ। ਅੱਜ ਕੱਲ੍ਹ ਬੱਚੇ ਗੁੜ ਨੂੰ ਦੇਖ ਕੇ ਉਲਟ ਕਰਨ ਭੱਜਦੇ ਹਨ। ਗੁੜ ਦੀ ਜਗ੍ਹਾ ਹੁਣ ਬੱਚਿਆਂ ਵਿੱਚ ਟਾਫੀਆਂ ਤੇ ਚੌਕਲੇਟ ਭਾਰੂ ਹੋ ਗਿਆ ਹੈ।

ਭਾਵੇਂ ਹੁਣ ਵਿਆਹਾਂ ਦੇ ਵਕਤ ਗੁੜ ਦੀ ਜਗ੍ਹਾ ਕਾਜੂ ਦੀ ਬਰਫੀ ਨੇ ਲੈ ਲਈ ਹੈ, ਪਰ ਪਿੰਡਾਂ ਵਿੱਚ ਵਸਦੇ ਪੁਰਾਣੇ ਬਜ਼ੁਰਗ ਹੁਣ ਵੀ ਨੂੰਹਾਂ, ਪੁੱਤਾਂ ਤੋਂ ਚੋਰੀ ਕੁੜਤਿਆਂ ਦੇ ਖੀਸਿਆਂ ਵਿੱਚ ਗੁੜ ਦੀਆਂ ਡਲੀਆਂ ਲਕੋ ਕੇ ਖਾਂਦੇ ਹਨ। ਮੱਕੀ ਬਾਜਰੇ ਦੀਆਂ ਰੋਟੀਆਂ, ਸਰ੍ਹੋਂ ਦਾ ਸਾਗ, ਚਿੱਬੜਾਂ ਦੀ ਚੱਟਣੀ ਦਾ ਆਪਣਾ ਮਹੱਤਵ ਸੀ। ਖੱਟੀ ਲੱਸੀ ਨੂੰ ਬਹੁਤ ਅਹਿਮ ਸਥਾਨ ਦਿੱਤਾ ਜਾਂਦਾ ਸੀ। ਹੁਣ ਕਿਸੇ ਨਵੀਂ ਵਿਆਹੀ ਵਹੁਟੀ ਨੂੰ ਨਾ ਬਾਜ਼ਰੇ ਮੱਕੀ ਦੀਆਂ ਰੋਟੀਆਂ ਬਣਾਉਣੀਆਂ ਆਉਂਦੀਆਂ ਹਨ, ਨਾ ਲੱਸੀ ਰਿੜਕਣੀ। ਦੁੱਧ ਵੇਚਣਾ ਪੁੱਤ ਵੇਚਣ ਬਰਾਬਰ ਸਮਝਿਆ ਜਾਂਦਾ ਸੀ, ਹੁਣ ਦੁੱਧ ਸਾਰਾ ਡਾਇਰੀ ਉਤੇ ਪਾ ਦਿੱਤਾ ਜਾਂਦਾ ਹੈ। ਲੱਸੀ ਰਿੜਕਣ ਵਾਲੀ ਮਧਾਣੀ ਨਾਲ ਬੰਨ੍ਹੇ ਘੁੰਗਰੂਆਂ ਦੀ ਛਣ-ਛਣ ਬੀਤੇ ਸਮੇਂ ਦੀ ਯਾਦ ਬਣ ਗਈ ਹੈ।

ਦਿਨੋਂ-ਦਿਨ ਵੱਧਦੀ ਆਵਾਜਾਈ ਤੇ ਹੋਰ ਸਾਧਨਾਂ ਨੇ ਲੋਕਾਂ ਦਾ ਵਿਹਲਾ ਸਮਾਂ ਖਤਮ ਕਰ ਦਿੱਤਾ ਹੈ। ਅੱਗੇ ਲੋਕ ਵਿਹਲੇ ਸਮੇਂ ਪਿੰਡ ਦੀਆਂ ਸੱਥਾਂ ਵਿੱਚ ਰੌਣਕਾਂ ਬੰਨ੍ਹਦੇ ਸਨ। ਮਰਾਸੀਆਂ ਦਾ ਅਹਿਮ ਸਥਾਨ ਹੁੰਦਾ ਸੀ। ਭੰਡਾਂ ਦੇ ਟੋਟਕਿਆਂ ਦੀ ਜਗ੍ਹਾ ਹੁਣ ਟੀ ਵੀ ਕਲਚਰ ਭਾਰੂ ਹੋ ਗਿਆ ਹੈ। ਵਿਆਹਾਂ ਵਕਤ ਗਾਏ ਜਾਂਦੇ ਦੋਹੇ, ਦਿੱਤੀਆਂ ਜਾਂਦੀਆਂ ਸਿਠਣੀਆਂ ਦੀ ਜਗ੍ਹਾ ਆਰਕੈਸਟਰਾਂ ਨੇ ਲੈ ਲਈ ਹੈ। ਵਿਆਹਾਂ ਵਕਤ ਪਹਿਲਾਂ ਹਫਤਾ-ਹਫਤਾ ਬੈਠ ਕੇ ਲੱਡੂ ਵੱਟਣੇ, ਸੱਤ ਦਿਨ ਬਰਾਤਾਂ ਦਾ ਰਹਿਣਾ, ਸ਼ਹਿਰਾਂ ਵਿੱਚ ਬਣੇ ਮੈਰਿਜ ਪੈਲੇਸਾਂ ਨੇ ਖਤਮ ਕਰ ਦਿੱਤਾ ਹੈ। ਵਿਆਹਾਂ ਵਕਤ ਸ਼ਰਤਾਂ ਲਾ ਕੇ ਖਾਂਦੇ ਜਾਂਦੇ ਪੰਜ-ਪੰਜ ਕਿਲੋ ਲੱਡੂ ਬਾਲਟੀ-ਬਾਲਟੀ ਲੱਸੀ ਦੀ ਪੀਣਾ ਆਮ ਗੱਲ ਸੀ। ਵਿਆਹ ਸਮੇਂ ਰਾਤ ਨੂੰ ਕੜਾਹ ਵਰਤਾਇਆ ਜਾਂਦਾ ਸੀ। ਕਈ ਲੋਕ ਪੰਜ-ਪੰਜ ਕਿਲੋ ਕੜਾਹ ਵੀ ਖਾ ਜਾਂਦੇ ਸਨ, ਪਰ ਅੱਜ ਕੱਲ੍ਹ ਕੜਾਹ ਨੂੰ ਸਵੀਟ ਡਿਸ਼ ਵਜੋਂ ਵੀ ਸਵੀਕਾਰ ਨਹੀਂ ਕੀਤਾ ਜਾਂਦਾ। ਬਾਲਟੀ ਲੱਸੀ ਦੀ ਪੀਣੀ, ਸੇਰ-ਸੇਰ ਘਿਓ ਪੀਣਾ ਅੱਜ ਦੀ ਪੀੜ੍ਹੀ ਨੂੰ ਝੂਠ ਜਾਪਦਾ ਹੈ।

ਪਹਿਲਾਂ ਅਬਰਕ ਨਾਲ ਰੰਗੀ ਪੱਗ, ਤੇੜ ਬੋਸਕੀ ਦਾ ਲੰਬਾ ਕੁੜਤਾ ਪਜਾਮਾ ਗੱਲ ਵਿੱਚ ਕੈਂਠਾ ਅਤੇ ਜੇਬ ਵਿੱਚ ਬੇਗੋ ਨਾਰ ਦੀ ਫੋਟੋ ਵਾਲਾ ਸ਼ੀਸ਼ਾ ਮੋਚਨਾ ਕਿਸੇ ਸ਼ੁਕੀਨ ਗੱਭਰੂ ਦੀ ਨਿਸ਼ਾਨੀ ਹੁੰਦਾ ਹੈ। ਹੁਣ ਕੁੜਤੇ ਪਜਾਮੇ, ਚਾਦਰੇ ਦੀ ਜਗ੍ਹਾ ਕੋਟ ਪੈਂਟ, ਸ਼ੇਰਵਾਨੀ, ਅਚਕਨ ਆ ਗਈ ਹੈ। ਨਾ ਉਹ ਪਹਿਲਾਂ ਵਾਲੇ ਗੱਭਰੂ ਰਹੇ ਹਨ ਅਤੇ ਨਾ ਮੁਟਿਆਰਾਂ, ਨਾ ਮਾਰੂਥਲ ਅਤੇ ਨਾ ਪਹਿਲਾਂ ਵਾਲੇ ਵਿਆਹ। ਵਿਆਹ ਵਕਤ ਕੱਚੇ ਘਰਾਂ ਨੂੰ ਲਿੱਪ ਕੇ ਬਣਾਏ ਗਏ ਤੋਤੇ ਮੋਰਨੀਆਂ ਸਿਰਫ ਤਸਵੀਰਾਂ ਵਿੱਚ ਹੀ ਦੇਖਣ ਨੂੰ ਮਿਲਦੇ ਹਨ। ਨਿੱਕੇ ਹੁੰਦਿਆਂ ਚੋਰੀਓ ਗੰਨੇ ਪੁੱਟ ਕੇ ਖਾਣਾ, ਭੱਠੀ ਤੋਂ ਦਾਣੇ ਭੁਨਾਉਣੇ, ਮੱਝਾਂ ਚਾਰਨੀਆਂ, ਸਾਰਾ-ਸਾਰਾ ਦਿਨ ਛੱਪੜਾਂ ਵਿੱਚ ਮੱਝਾਂ ਦੀਆਂ ਪੂੱਛਾਂ ਫੜ ਕੇ ਨਹਾਉਂਦੇ ਰਹਿਣਾ, ਸ਼ਰਾਰਤ ਵਜੋਂ ਲੋਕਾਂ ਦੀਆਂ ਗਿੱਲੀਆਂ ਪਾਥੀਆਂ ਤੋੜ ਦੇਣਾ, ਲੋਕਾਂ ਦੇ ਮਿਲਦੇ ਉਲਾਭਿਆਂ ਤੋਂ ਤੰਗ ਆ ਕੇ ਮਾਂ ਵੱਲੋਂ ਦਿੱਤੀਆਂ ਜਾਂਦੀਆਂ ਗਾਲਾਂ ਘਿਓ ਦੀਆਂ ਨਾਲਾਂ ਅੱਜ ਵੀ ਯਾਦ ਆਉਂਦੀਆਂ ਹਨ। ਅੱਜ ਕੱਲ੍ਹ ਵਾਣ ਵਾਲੇ ਮੰਜੇ ਦੀ ਜਗ੍ਹਾ ਐਕੂਪ੍ਰੈਸ਼ਰ ਨੇ ਲੈ ਲਈ ਹੈ। ਸਾਉਣ ਮਹੀਨੇ ਕੁੜੀਆਂ ਦਾ ਮੀਂਹ ਪਵਾਉਣ ਲਈ ਇਕੱਠੀਆਂ ਹੋ ਕੇ ਲੀਰਾਂ ਦੀਆਂ ਗੁੱਡੀਆਂ ਘੱਟ ਫੂਕੀਆਂ ਜਾਂਦੀਆਂ ਹਨ ਅਤੇ ਦਾਜ ਦਹੇਜ ਪਿੱਛੇ ਜਿਉਂਦੀਆਂ ਗੁੱਡੀਆਂ ਵੱਧ ਫੂੱਕੀਆਂ ਜਾਂਦੀਆਂ ਹਨ। ਪੇਂਡੂ ਸੱਭਿਆਚਾਰ ਹੁਣ ਖਤਮ ਹੋ ਗਿਆ ਹੈ। ਅੱਜ ਕੱਲ੍ਹ ਤਾਂ ਸੱਭਿਆਚਾਰ ਦੇ ਦਰਸ਼ਨ ਅਜਾਇਬ ਘਰਾਂ ਵਿਚਰੀ ਹੁੰਦੇ ਹਨ।

# ਜਦੋਂ ਅਸੀਂ ਡਰਦੇ-ਡਰਦੇ ਪਿਸਤੌਲ ਫੜਾ ਕੇ ਆਏ..

-ਗੋਪੀ ਰਾਊਕੇ

ਮੈਨੂੰ ਬਚਪਨ ਤੋਂ ਹੀ ਹਥਿਆਰਾਂ ਤੋਂ ਬੜਾ ਡਰ ਲੱਗਦਾ ਹੈ। ਬਾਲੜੀ ਉਮਰੇ ਟੀ ਵੀ ਉਤੇ ਜਿਹੜੀਆਂ ਹਿੰਦੀ ਫਿਲਮਾਂ ਵੇਖੀਆਂ, ਉਨ੍ਹਾਂ ਵਿੱਚ ਹਿੰਸਾ ਦੀ ਭਰਮਾਰ ਹੁੰਦੀ ਸੀ। ਫਿਲਮਾਂ ਵਿਚਾਲੇ ਕਤਲੋਗਾਰਤ ਅਤੇ ਕੁੱਟਮਾਰ ਦੇ ਦ੍ਰਿਸ਼ਾਂ ਨੇ ਤਾਂ ਮੇਰੇ ਅੰਦਰਲੇ ਡਰ ਨੂੰ ਹੋਰ ਵੀ ਵਧਾ ਦਿੱਤਾ ਸੀ। ਬਚਪਨ ਤੋਂ ਬਾਅਦ ਹੁਣ ਜਵਾਨੀ ਉਮਰੇ ਵੀ ਕਦੇ ਹਿੰਦੀ ਫਿਲਮਾਂ ਨੂੰ ਦੇਖਣ ਵਿੱਚ ਕੋਈ ਦਿਲਚਸਪੀ ਇਸੇ ਕਰ ਕੇ ਨਹੀਂ ਰਹੀ। ਉਂਜ ਮੈਂ ਹਾਸਰਸ ਅਤੇ ਧਾਰਮਿਕ ਜਾਂ ਸਮਾਜਿਕ ਸਿੱਖਿਆਵਾਂ ਦੇਣ ਵਾਲੀਆਂ ਪੰਜਾਬੀ ਜਾਂ ਛੋਟੀਆਂ ਫਿਲਮਾਂ ਜ਼ਰੂਰ ਕਦੇ ਕਦਾਈ ਦੇਖਦਾ ਰਹਿੰਦਾ ਹਾਂ। ਮੈਨੂੰ ਫਿਲਮਾਂ ਵਿੱਚ ਚੱਲਦੀਆਂ ਗੋਲੀਆਂ ਨਾਲ ਮਨੁੱਖੀ ਸਰੀਰਾਂ ਵਿੱਚੋਂ ਨਿਕਲਦਾ ਖੂਨ ਕਦੇ ਮਨੋਰੰਜਨ ਵਾਲਾ ਨਹੀਂ ਜਾਪਿਆ। ਹਥਿਆਰਾਂ ਪ੍ਰਤੀ ਮੇਰਾ ਝਾਕਾ ਹੁਣ ਵੀ ਪਹਿਲਾਂ ਦੀ ਤਰ੍ਹਾਂ ਕਾਇਮ ਹੈ। ਛੇ ਕੁ ਮਹੀਨੇ ਪਹਿਲਾਂ ਸਾਡੇ ਮੋਗਾ ਦਫਤਰ ਦੇ ਸੀਨੀਅਰ ਅਧਿਕਾਰੀ ਕਿਤੇ ਬਾਹਰ ਚਲੇ ਗਏ। ਜਦੋਂ ਉਹ ਦੋ ਕੁ ਕਿਲੋਮੀਟਰ ਮੋਗਾ ਸ਼ਹਿਰ ਤੋਂ ਅੱਗੇ ਲੰਘੇ ਤਾਂ ਉਨ੍ਹਾਂ ਨੂੰ ਯਾਦ ਆ ਗਿਆ ਕਿ ਉਨ੍ਹਾਂ ਦਾ ਹਥਿਆਰ ਦਫਤਰ ਵਿੱਚ ਰਹਿ ਗਿਆ ਹੈ। ਉਨ੍ਹਾਂ ਮੈਨੂੰ ਫੋਨ ਕਰਕੇ ਕਿਹਾ ਕਿ ਮੈਨੂੰ ਪਿਸਤੌਲ ਫੜਾ ਜਾਉ, ਜਿਹੜਾ ਦਫਤਰ ਵਿੱਚ ਪਿਆ ਹੈ। ਫੋਨ ਉਤੇ ਇਹ ਸੁਣ ਕੇ ਮੇਰੇ ਮਨ ਅੰਦਰਲਾ ਡਰ ਮੇਰੇ ਚਿਹਰੇ ਉਪਰ ਆ ਗਿਆ। ਮੇਰੇ ਲਈ ਆਪਣੇ 'ਸੀਨੀਅਰ', ਪਰ ਭਰਾਵਾਂ ਵਰਗੇ ਯਾਰ ਨੂੰ ਜਵਾਬ ਦੇਣਾ ਮੁਸ਼ਕਲ ਹੋ ਗਿਆ। ਉਂਜ ਪਿਸਤੌਲ ਲੈ ਕੇ ਜਾਣਾ ਵੀ ਮੇਰੇ ਲਈ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਸੀ। ਇਸੇ ਦੌਰਾਨ ਮੈਂ ਆਪਣੇ ਇਕ ਹੋਰ ਦੋਸਤ ਨੂੰ ਫੋਨ ਕਰਕੇ ਬੁਲਾ ਲਿਆ, ਪਰ ਉਹ ਦੋਸਤ ਵੀ ਮੇਰੇ ਵਰਗਾ 'ਡਰੂ' ਨਿਕਲਿਆ। ਮੈਂ ਉਸ ਨੂੰ ਕਿਹਾ ਕਿ ਉਹ 'ਪਿਸਤੌਲ' ਹੱਥ ਵਿੱਚ 'ਫੜ' ਲਵੇ ਅਤੇ ਮੈਂ ਮੋਟਰ ਸਾਈਕਲ ਚਲਾ ਲੈਂਦਾ ਹਾਂ। ਉਸ ਨੇ ਕਿਹਾ, 'ਨਹੀਂ, ਮੈਂ ਮੋਟਰ ਸਾਈਕਲ ਚਲਾਵਾਂਗਾ, ਤੂੰ ਪਿੱਛੇ ਬੈਠ ਜਾ।' ਆਖਰ ਅਸੀਂ ਪੰਜ ਮਿੰਟ ਦੀ ਬਹਿਸ ਮਗਰੋਂ ਤੁਰ ਪਏ। ਮੋਟਰ ਸਾਈਕਲ ਚਲਾ ਰਿਹਾ ਦੋਸਤ ਅੱਗੇ ਦੇਖਣ ਦੀ ਬਜਾਏ ਵਾਰ-ਵਾਰ ਪਿੱਛੇ ਦੇਖੇ ਤੇ ਨਾਲੇ ਮੈਨੂੰ ਆਖੀ ਜਾਵੇ ਕਿ ਜਦੋਂ ਕਿਸਮਤ ਮਾੜੀ ਹੋਵੇ, ਸਿਆਣੇ ਕਹਿੰਦੇ ਖਾਲੀ ਹਥਿਆਰ ਵੀ ਚੱਲ ਜਾਂਦਾ ਹੈ, ਇਸ ਲਈ ਇਸ ਪਾਸੇ ਰੱਖੀਂ। ਜਦੋਂ ਅਸੀਂ ਆਪਣੇ ਦੋਸਤ ਨੂੰ ਪਿਸਤੌਲ ਫੜਾਉਣ ਲੱਗੇ ਤਾਂ ਅਸੀਂ ਆਪਣੀ ਸਾਰੀ ਕਹਾਣੀ ਵੀ ਉਸ ਨੂੰ ਦੱਸ ਦਿੱਤੀ। ਉਨ੍ਹਾਂ ਕਿਹਾ ਕਿ ਇਸ ਨੂੰ 'ਲਾਕ' ਲੱਗਾ ਹੈ ਤੇ ਚੱਲਦਾ ਨਹੀਂ, ਇਸ ਲਈ ਘਬਰਾਉਣ ਦੀ ਲੋੜ ਨਹੀਂ। ਉਸ ਦੇ ਏਨਾ ਕਹਿਣ ਦੇ ਬਾਵਜੂਦ ਉਸ ਵੇਲੇ ਵੀ ਮਨ ਤੋਂ ਡਰ ਭੋਰਾ ਨਹੀਂ ਉਤਰਿਆ।



ਜਦੋਂ ਇਹ ਘਟਨਾ ਮੈਨੂੰ ਹੁਣ ਵੀ ਚੇਤੇ ਆ ਜਾਂਦੀ ਹੈ ਤਾਂ ਹਾਸਾ ਵੀ ਨਿਕਲਦਾ ਹੈ। ਫਿਰ ਮੈਂ ਇਸ ਬਾਰੇ ਸੋਚਦਾ ਹਾਂ ਕਿ ਅੱਜ ਕੱਲ੍ਹ ਸਮਾਜ ਵਿੱਚ ਸਟੇਟਸ ਸਿੰਬਲ ਦੇ ਤੌਰ ਉੱਤੇ ਹਥਿਆਰ ਰੱਖਣਾ ਪੰਜਾਬੀ ਜ਼ਰੂਰੀ ਸਮਝਣ ਲੱਗੇ ਹਨ, ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਹਥਿਆਰ ਚਲਾਉਣ ਦੀ ਜਿਥੇ ਤਕਨੀਕੀ ਜਾਣਕਾਰੀ ਨਹੀਂ ਹੁੰਦੀ, ਉਥੇ ਇਹ ਵੀ ਪਤਾ ਨਹੀਂ ਕਿ ਇਸ ਦੀ ਵਰਤੋਂ ਕਿੱਥੇ ਕਰਨੀ ਹੈ, ਕਿੱਥੇ ਬਿਲਕੁਲ ਨਾਲ ਨਹੀਂ ਲੈ ਕੇ ਜਾਣਾ ਚਾਹੀਦਾ। ਇਸੇ ਕਰਕੇ ਪੰਜਾਬ ਵਿੱਚ ਵਿਆਹਾਂ ਅਤੇ ਹੋਰ ਸਮਾਰੋਹਾਂ 'ਤੇ ਚੱਲਦੀਆਂ ਹਵਾਈ ਗੋਲੀਆਂ ਕਈਆਂ ਦੀ ਜਾਨ ਲੈ ਲੈਂਦੀਆਂ ਹਨ। ਪੰਜਾਬ ਵਿੱਚ ਅਸਲੇ ਦੀ ਬਹੁਤਾਤ ਹੈ। ਜਿਸ ਕੋਲ ਅਸਲਾ ਹੁੰਦਾ ਹੈ, ਉਹ ਇਸ ਦਾ ਪ੍ਰਦਰਸ਼ਨ ਵੀ ਕਰਦਾ ਹੈ। ਇਸ ਰੁਝਾਨ ਨੂੰ ਠੱਲ੍ਹਣ ਦੀ ਲੋੜ ਹੈ।

## ਮਿੰਨੀ ਕਹਾਣੀ

### ਝੋਨੇ ਦੇ ਭਾਅ

-ਬਿੰਦਰ ਸਿੰਘ ਖੁੱਡੀ ਕਲਾਂ

ਝੋਨੇ ਦੇ ਬੀਜ ਬਿਜਾਈ ਤੋਂ ਵਿਹਲਾ ਹੋ ਨਾਜ਼ਰ ਸਿੰਘ ਰੋਜ਼ਾਨਾ ਦੀ ਖਰੀਦੋ ਫਰੋਖਤ ਲਈ ਬਾਜ਼ਾਰ ਗਿਆ ਤਾਂ ਬਾਜ਼ਾਰ ਵਿੱਚ ਹਰ ਚੀਜ਼ ਦੇ ਅਸਮਾਨੀ ਚੜ੍ਹੇ ਭਾਅ ਵੇਖ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਆੜ੍ਹਤੀਏ ਤੋਂ ਫੜੇ ਪੈਸਿਆਂ ਨਾਲ ਕੁਝ ਕੁ ਜ਼ਰੂਰੀ ਜ਼ਰੂਰੀ ਵਸਤਾਂ ਖਰੀਦ ਕੇ ਪਿੰਡ ਵੜਦਾ ਹੀ ਨਾਜ਼ਰ ਸਿੰਘ ਮੈਨੂੰ ਮਿਲ ਪਿਆ, "ਬਾਈ ਸਿੰਹਾਂ ਬਾਜ਼ਾਰ ਵਿੱਚ ਤਾਂ ਮਹਿੰਗਾਈ ਬਹੁਤੀ ਹੋਈ ਪਈ ਏ। ਆੜ੍ਹਤੀਏ ਤੋਂ ਫੜੇ ਪੈਸਿਆਂ ਨਾਲ ਮਸਾਂ ਚਾਹ ਗੁੜ ਆਇਐ। ਇਹ ਇਕਦਮ ਐਨੀ ਮਹਿੰਗਾਈ ਕਿਵੇਂ ਹੋ ਗਈ?" ਮਹਿੰਗਾਈ ਦਾ ਦਬੱਲਿਆ ਨਾਜ਼ਰ ਇੱਕੋ ਸਾਹ ਮੈਨੂੰ ਕਈ ਸਵਾਲ ਕਰ ਗਿਆ।

"ਹਾਂ ਨਾਜ਼ਰਾ, ਸਰਕਾਰ ਨੇ ਜੀ ਐੱਸ ਟੀ ਲਗੂ ਕਰ ਦਿੱਤੈ ਜਿਸ ਨਾਲ ਤਕਰੀਬਨ ਸਾਰੀਆਂ ਹੀ ਚੀਜ਼ਾਂ ਦੇ ਰੇਟ ਵੱਧ ਗਏ ਨੇ।" ਮੈਂ ਵਧੀਆਂ ਕੀਮਤਾਂ ਬਾਰੇ ਨਾਜ਼ਰ ਦੇ ਸਵਾਲ ਦਾ ਜਵਾਬ ਦਿੱਤਾ।

"ਬਾਈ ਫੇਰ ਤਾਂ ਜੀ ਐੱਸ ਟੀ ਲੱਗਣ ਨਾਲ ਆਪਣੇ ਝੋਨੇ ਦਾ ਭਾਅ ਵੀ ਵਾਹਵਾ ਵੱਧ ਜਾਵੇਗਾ।" ਨਾਜ਼ਰ ਨੇ ਉਣੀਂਦ ਭਰੀਆਂ ਨਜ਼ਰਾਂ ਨਾਲ ਮੋੜਵਾਂ ਸਵਾਲ ਕੀਤਾ। ਨਾਜ਼ਰ ਵੱਲੋਂ ਪੁੱਛੇ ਸਵਾਲ ਨੇ ਮੇਰੇ ਅੰਦਰ ਕਈ ਸਵਾਲ ਹੋਰ ਖੜ੍ਹੇ ਕਰ ਦਿੱਤੇ ਕਿ ਆਖਰ ਕਿਉਂ ਸਰਕਾਰ ਵੱਲੋਂ ਲਾਏ ਟੈਕਸਾਂ ਨਾਲ ਸਾਡੇ ਵੱਲੋਂ ਖਰੀਦਣ ਵਾਲੀਆਂ ਵਸਤਾਂ ਹੀ ਮਹਿੰਗੀਆਂ ਹੁੰਦੀਆਂ ਹਨ? ਜੋ ਜਿਨਸਾਂ ਅਸੀਂ ਵੇਚਣੀਆਂ ਹੁੰਦੀਆਂ ਹਨ ਟੈਕਸਾਂ ਨਾਲ ਉਨ੍ਹਾਂ ਦਾ ਰੇਟ ਕਿਉਂ ਨਹੀਂ ਵਧਦਾ? ਟੈਕਸਾਂ ਦਾ ਫਾਇਦਾ ਸਿਰਫ ਸਰਕਾਰ ਅਤੇ ਗਿਣੇ-ਚੁਣੇ ਲੋਕਾਂ ਨੂੰ ਹੀ ਕਿਉਂ ਹੁੰਦਾ ਹੈ? ਨਾਜ਼ਰ ਸਿੰਘ ਵੱਲੋਂ ਪੁੱਛੇ ਇੱਕ ਸਵਾਲ ਤੋਂ ਉਪਜੇ ਕਈ ਸਵਾਲਾਂ ਦਾ ਜਵਾਬ ਲੱਭਦਾ ਮੈਂ ਪਤਾ ਨਹੀਂ ਕਦੋਂ ਘਰ ਪਹੁੰਚ ਗਿਆ।

NEED A LAWYER ??
Red Seal NOTARY
KAUR LAW OFFICE
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005
* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
**SPECIAL** Forklift Re-Certification Only $69
Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8
Karnail Singh

ELECT ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ



I'm Advocating for :
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure

"ETOBICOKE FIRST"

SHIRISH PATEL

Cell: 647-296-5681 voteforshirish.ca
Strong Voice. Strong Communities.

RE-ELECT MARTIN MEDEIROS
BRAMPTON REGIONAL COUNCILLOR FOR WARDS 3 & 4

Delivered Results 2014–2018
- Member of the Blue Ribbon Panel that finally brought Brampton's first university
- Focus on crime and safety such as supporting the addition of 37 police officers and coordination of stakeholders for a safer city
- Lead role in the largest restructuring and modernization of Brampton City Hall to improve customer service and eliminate high salaries and excessive bureaucracy
- Delivered Brampton 2040 Vision, a plan for a modern, sustainable, well-planned urban city, including revitalization of our downtown
- Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region



My top priority since taking office in 2014 has been to effect change and restore residents' confidence in City Hall.

I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to Move Brampton Forward.

VOTE MEDEIROS 8975 McLAUGHLIN RD. S UNIT 9 martinmedeiros.ca OCTOBER 22, 2018
vote@martinmedeiros.ca 647.956.5319 ReelectMartinMedeiros medeiros_martin vote_martin_medeiros

Elect Harpreet Gill
Ward 1 Toronto District School Board Trustee

- Improved school safety
- Restoring school infrastructure
- Building stronger partnerships
- Introducing new programs

Let's Empower to Change our community

Advance Voting: October 10-14, 10am-7pm Locations: North Kipling Community Centre (2 Rowntree Road) and West Acres Seniors Centre (65 Hinton Road)



Education: Honors Bachelor of Health Sciences, Western University and Master of Management, Schulich School of Business

VoteHarpreetGill
@voteforgill
@voteforgill

Harpreet Gill
647-655-1706

Born and raised in Etobicoke North by two working class parents, Harpreet currently resides in this community. Over the years, she has worked with many individuals and organizations in our community to strengthen it. Her priorities are towards building a better community and creating better opportunities for youth.

Elect Harpreet Gill on October 22nd, 2018

info@voteforgill.com www.voteforgill.com

ਰਿਜਨਲ ਕੌਂਸਲਰ, ਵਾਰਡ 9 ਅਤੇ 10
22 ਅਕਤੂਬਰ ਨੂੰ ਚੁਣੋ

ਗੁਰਪ੍ਰੀਤ ਸਿੰਘ ਢਿੱਲੋਂ
ਪਰਖੀ ਹੋਈ ਲੀਡਰਸ਼ਿਪ



- ਨੌਕਰੀਆਂ ਪੈਦਾ ਕਰਨ ਵਾਲੇ
- ਯੂਨੀਵਰਸਿਟੀ ਦੀ ਮਨਜ਼ੂਰੀ
- ਜੁਰਮ ਘਟਾਉਣ ਲਈ ਪਹਿਲ-ਕਦਮੀ
- ਟੈਕਸ-ਦਰਾਂ ਦੀ ਸੁਰੱਖਿਆ
- LRT ਲਈ ਜੱਦੋ-ਜਹਿਦ
- ਟੈਕਸੀ ਇੰਡਸਟਰੀ ਦੇ ਹੱਕ ਵਿਚ ਖੜੇ ਹੋਣ ਵਾਲੇ

gurpreetsinghdhillon.com | info@gurpreetsinghdhillon.com | 905-781-1010 | @gurpreet brampton | @gurpreet dhillon

Top 1% Ranked In Broker

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

(**2016,2015,2014,2013 2012,2011,2010) **(2009,2008) **(RE/MAX International) **(2010) **(2014)
** Based on Commissions earned

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH GUARANTEED*
OR HE'LL BUY IT!*

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com

Visit us at: www.jagaujla.com



BRAMPTON $729,905
ਬਵੇਰਡ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਘਰ, unspoiled ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

BRAMPTON $869,905
ਬਰੈਮਲੀ, ਸੈਂਡਲਵੁਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+2 ਬੈਡਰੂਮ ਐਂਡ 4 ਵਾਸ਼ਰੂਮ ਸੈਮੀ ਡਿਟੈਚ ਡਬਲ ਸਟੋਰੀ ਘਰ, ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਮਾਸਟਰ ਬੈਡਰੂਮ ਨੂੰ 5 ਪੀਸ ਈਨ ਸੂਟ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਕਿਚਨ ਨੂੰ ਬੈਕ ਸਪਲੈਸ਼, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।

BRAMPTON $1,098,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੁਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

BRAMPTON $1,489,905
ਗੋਰਵੇ & ਕੰਟਰੀਸਾਇਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 + 2 ਬੈਡਰੂਮ ਐਂਡ 5 ਵਾਸ਼ਰੂਮ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਗਰਾਜ ਨੂੰ ਡਬਲ ਡੋਰ ਏਨਟਰੀ, ਕਿਚਨ ਨੂੰ ਬੇਕ ਸਪਲੈਸ਼, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਏਨਟਰੀ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

BRAMPTON $1,798,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਆਫ਼ਿਸ +3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

Offering 3 Acres of Land
GUELPH $1,250,000
ਗੋਲਫ, 540 ਯਾਰਕ ਰੋਡ
540 ਯਾਰਕ ਰੋਡ ਪ੍ਰਾਪਰਟੀ ਵਿੱਚ ਤੁਸੀ ਵਾਹੀਕਲ/ਆਟੋ, ਗੇਸ ਬਾਰ, ਕਾਰ ਵਾਸ਼, ਸਟਰੋਰੇਜ ਆਦਿ ਦਾ ਕਾਰੋਬਾਰ ਕਰ ਸਕਦੇ ਹੋ। ਤਿੰਨ ਏਕੜ ਦੀ ਖਾਲੀ ਜ਼ਮੀਨ। ਹਾਈ ਟਰੇਫਿਕ ਅਤੇ ਵਿਕਾਸਸ਼ੀਲ ਏਰੀਆ, ਪਰਾਈਮ ਲੋਕੇਸ਼ਨ, ਜੋਨਜ਼ ਵਿੱਚ ਬਦਲਾਓ ਆ ਸਕਦੇ ਹਨ । ਗੋਲਫ ਇੰਨੋਵੈਸ਼ਨ ਡਿਸਟ੍ਰੀਕ ਵਲੋਂ ਅਪਰੂਵਡ ਜ਼ਮੀਨ। ਇੰਵੇਸਟਰਾਂ ਅਤੇ ਬਿਲਡਰਾਂ ਲਈ ਵਧੀਆ ਮੋਕਾ।



AZ ਡਰਾਇਵਰਾਂ ਦੀ ਲੋੜ ਹੈ

- ਸਿੰਗਲ ਡਰਾਇਵਰ ਦੀ Toronto ਤੋਂ Montreal ਲਈ ਲੋੜ ਹੈ
- ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ



New Drivers are welcome
416.904.0715 | 647.456.8520



Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com



REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



ELECT City of Brampton
Regional Councillor Wards 7 & 8

PAT FORTINI



MY PRIORITIES ARE TO CONTINUE ADVOCATING FOR:
- Crime Prevention & Safety
- Accountability & Transparency
- Infrastructure
- University
- LRT & Transit
- Job Creation
- Health Care & Community Leadership
- Our Senior Community

TOGETHER Let's Move Brampton Into The Future

VISIT US AT OUR CAMPAIGN OFFICE
25 KINGS CROSS ROAD (at Knightsbridge & Kings Cross)
CAMPAIGN OFFICE 905-497-7220
CELL PHONE 416-804-2510
PatFortini Pat_Fortini www.patfortini.ca

LEADERSHIP • EXPERIENCE • COMMITMENT



ELECT Brampton City Councillor Candidate Ward 7 & 8

Harveen DHALIWAL



- Community Safety
- Accountability & Transprancy
- Infrastructure
- LRT & Transit
- University
- Local Job Creation
- Our Senior Community
- Creating Better Neighbourhoods for our Families and Friends.
- Improve our Parks and Recreational Facilities

Educational Background:
Bachelor of Arts at University of Toronto
Masters in Public Administration at Pace University, New York

VISIT US AT OUR CAMPAIGN OFFICE
260 Queen Street East, Brampton ON L6V 1B9
Campaign Office: 437-235-1708 Cell: 647-999-4432
E : electharveendhaliwal@gmail.com
W : www.harveendhaliwal.com • f : HarveenDhaliwal

Working Together For A Better Future....
ON OCTOBER 22ND ELECT HARVEEN DHALIWAL